# ਹਜ਼ਰਤ
# ਮੁਹੰਮਦ ਮੁਸਤਫ਼ਾ ਸਲਅਮ
# ਦੀਆਂ
# ਕੁਝ-ਇਕ ਚੋਣਵੀਆਂ ਹਦੀਸਾਂ

# SELECTED SAYINGS OF THE HOLY PROPHET OF ISLAM IN GURMUKHI

Published by
ISLAM INTERNATIONAL PUBLICATIONS
LIMITED

© 1988 Islam International Publications Limited.

ISBN 1 85372 144 1

Printed by
RAQEEM PRESS
Islamabad, Sheephatch Lane, Tilford, Surrey GU10 2AQ U.K.

# ਸਮਰਪਨ

ਪਰਸਿਧ ਕੁਮਾਂਤਰੀ ਧਾਰਮਕ ਜਮਾਅਤ ਅਹਿਮਦੀਆ ਦੀ ਪਹਿਲੀ ਸ਼ਤਾਬਦੀ ਦੀ ਖ਼ੁਸ਼ੀ ਵਿਚ:-

ਇਕ ਈਸ਼ਵਰਵਾਦ ਦੇ ਪ੍ਰਚਾਰ ਤੇ ਫੈਲਾਉ ਦੀ ਮੁਹੱਬਤ ਦੇ ਜੁਰਮ ਵਿਚ ਕਠੋਰ ਦੰਡ ਪਾਉਣ ਅਤੇ ਈਸ਼ਵਰ ਦੀ ਰਾਹ ਵਿਚ ਜਾਨਾਂ ਨਿਛਾਵਰ ਕਰਨ ਵਾਲੇ ਸ਼ਹੀਦਾਂ ਤੇ ਬਲਾਲ ਦੇ ਪਦ ਚਿੰਨ੍ਹਾਂ ਤੇ ਚਲਣ ਵਾਲਿਆਂ ਦੀ ਯਾਦ ਵਿਚ ਅਹਿਮਦੀ ਮੁਸਲਮਾਨਾਂ ਵੱਲੋਂ ਇਕ ਪਵਿੱਤਰ ਭੇਂਟ।

# ਵਿਸ਼ੇ ਸੂਚੀ


1. ਨੀਅਤ ਅਤੇ ਕਰਮ 9
2. ਅਲੱਹ ਦੀ ਸ਼ਾਨ 9
3. ਅਲੱਹ ਇਕ ਹੈ 10
4. ਅਲੱਹ ਦਾ ਜ਼ਿਕਰ (ਸਿਮਰਨ) 10
5. ਅਲੱਹ ਨਾਲ ਪਿਆਰ 12
6. ਪਵਿੱਤਰ ਕੁਰਆਨ 14
7. ਹਜ਼ਰਤ ਮੁਹੰਮਦ ਸਲਅਮ ਦੇ ਉਚ ਆਚਰਨ 15
8. ਇਸਲਾਮ ਦੇ ਪੰਜ ਅੰਗ 17
9. ਇਬਾਦਤ ਦੇ ਤਰੀਕੇ 17
10. ਰੋਜ਼ਾ (ਵਰਤ) 19
11. ਹੱਜ 20
12. ਜ਼ਕਾਤ—ਅਲੱਹ ਦੀ ਰਾਹ ਵਿਚ ਖ਼ਰਚ ਕਰਨਾ 21
13. ਸ਼ੁਭ ਕਰਮ ਕਰਨੇ ਅਤੇ ਅਸ਼ੁਭ ਕਰਮਾਂ ਤੋਂ ਬਚਣਾ 23
14. ਕਰਤੱਵ ਪਾਲਨ ਅਤੇ ਮਨ੍ਹਾ ਕੀਤੇ ਕੰਮਾਂ ਤੋਂ ਰੁਕਣਾ 24
15. ਸ਼ਾਦੀ ਵਿਆਹ 25
16. ਆਚਰਨ 26
17. ਇਸਲਾਮੀ ਭਾਈਚਾਰਾ 28
18. ਮਨੁੱਖੀ ਅਧਿਕਾਰ 29
19. ਮਾਤਾ ਪਿਤਾ ਨਾਲ ਨੇਕ ਵਰਤਾਉ 29
20. ਗੁਆਂਢੀ ਦੇ ਅਧਿਕਾਰ 30
21. ਕਮਜ਼ੋਰਾਂ ਨਾਲ ਹਮਦਰਦੀ 31
22. ਖਿਮਾ ਤੇ ਦਰ-ਗੁਜ਼ਰ 31
23. ਖਾਣ-ਪੀਣ ਦੇ ਤਰੀਕੇ 31
24. ਕਪੜੇ 32
25. ਸਰੀਰਕ ਪਵਿੱਤਰਤਾ 32
26. ਕਪਟ ਤੇ ਈਰਖਾ 33
27. ਹੰਕਾਰ ਤੇ ਗ਼ਰੂਰ 33
28. ਝੂਠ ਬੋਲਣਾ 34
29. ਇਸਲਾਮ ਦਾ ਕਮਜ਼ੋਰ ਹੋਣਾ 34
30. ਇਮਾਮ ਮਹਿਦੀ ਦਾ ਪਰਗਟਾਂ 35

# ਮੁੱਖ ਬੰਦ

ਇਸਲਾਮ ਇਕ ਮਹਾਨ ਧਰਮ ਹੈ। ਇਸਲਾਮ ਦੀ ਮਹਾਨਤਾ ਦਾ ਸਭ ਤੋਂ ਵੱਡਾ ਖ਼ਜ਼ਾਨਾ ਪਵਿੱਤਰ ਕੁਰਆਨ ਮਜੀਦ ਦੀ ਪੂਰਨ ਸਿਖਿਆਵਾਂ ਵਿਚ ਸਮੋਇਆ ਹੋਇਆ ਹੈ। ਇਸਲਾਮ ਦੇ ਮੋਢੀ ਹਜ਼ਰਤ ਮੁਹੰਮਦ ਮੁਸਤਫ਼ਾ ਸਲਅਮ ਨੇ ਇਸਲਾਮ ਦੀਆਂ ਸਿਖਿਆਵਾਂ ਨੂੰ ਪੂਰੇ ਤੌਰ ਤੇ ਧਾਰਨ ਕਰਕੇ ਅਤੇ ਉਹਨਾਂ ਉੱਤੇ ਆਪ ਚਲ ਕੇ ਸਾਡੇ ਸਾਹਮਣੇ ਇਕ ਪੂਰਨ ਨਮੂਨਾ ਰੱਖਿਆ। ਹਜ਼ਰਤ ਮੁਹੰਮਦ ਮੁਸਤਫ਼ਾ ਸੱਲਅਮ ਦੀ ਸਿਖਿਆ ਅਤੇ ਓਹਨਾਂ ਦੇ ਅਨੁਸਾਰ ਆਪਦੇ ਪ੍ਰਸੰਸਾ ਯੋਗ ਕੰਮਾਂ ਨੇ ਸਹਾਬਾ (ਆਪਦੇ ਸਮੇਂ ਦੇ ਆਪਦੇ ਨਜ਼ਦੀਕੀ ਸੰਗੀ-ਸਾਥੀ) ਤੇ ਨ ਮਿਟਣ ਵਾਲਾ ਪ੍ਰਭਾਵ ਪਾਇਆ। ਆਪਦੇ ਪਰਲੋਕ ਸਿਧਾਰਨ ਪਿੱਛੋਂ ਆਪਦੀ ਧਰਮ ਪਤਨੀ ਹਜ਼ਰਤ ਆਇਸ਼ਾ ਰਜ਼ੀ ਅੱਲਾਹ ਅਨਹਾ ਤੋਂ ਆਪਦੇ ਜੀਵਨ ਬਾਰੇ ਪੁੱਛੇ ਜਾਣ ਤੇ ਆਪਨੇ ਇਹ ਉੱਤਰ ਦਿੱਤਾ ਕਿ—

"ਕਾ-ਨ ਖ਼ੁਲੁਕੁਹੁਲ ਕੁਰਆਨੁ"

ਅਰਥਾਤ ਆਪਦਾ ਜੀਵਨ ਕੁਰਆਨ ਮਜੀਦ ਦਾ ਹੀ ਸਰੂਪ ਸੀ। ਆਪ ਦੇ ਕਥਨ ਵਿੱਚ ਅਤੇ ਅਲੱਾਹ ਦੀ ਬਾਨੀ ਵਿੱਚ ਕੋਈ ਫ਼ਰਕ ਨਹੀਂ ਸੀ। ਆਪਤੇ ਅੱਲਾਹ ਵਲੋਂ ਜੋ ਬਾਣੀ ਉਤਰਦੀ ਸੀ ਉਹ ਪਵਿੱਤਰ ਸੀ। ਉਸ ਵਿੱਚ ਆਪਦੀ ਸ਼ਖ਼ਸੀਅਤ ਦਾ ਕੋਈ ਦਖ਼ਲ ਨਹੀਂ ਸੀ। ਕੁਰਆਨ ਮਜੀਦ ਏਹਨਾਂ ਸ਼ਬਦਾਂ ਵਿੱਚ ਇਸ ਗੱਲ ਦੀ ਪੁਸ਼ਟੀ ਕਰਦਾ ਹੈ—

"ਵਮਾ ਯਨਤਿ੍ਕੁ ਅਨਿਲ ਹਵਾ, ਇਨ ਹੁ-ਵ ਇੱਲਾ ਵਹਯੁੰਯੂਹਾ

(ਅਲ ਨਜਮ ਰਕੂਅ।)

ਅਰਥਾਤ ਓਹ (ਹਜ਼ਰਤ ਮੁਹੰਮਦ ਮੁਸਤਫ਼ਾ ਸਲਅਮ) ਆਪਣੇ ਮਨ ਤੋਂ ਕੋਈ ਗੱਲ ਨਹੀਂ ਕਹਿੰਦੇ ਸਗੋਂ ਓਹ (ਕੁਰਆਨ) ਅਲੱਾਹ ਵਲੋਂ ਉਤਰਣ ਵਾਲੀ ਹੈ ਅਤੇ ਇਹ ਕੋਈ ਅਚੰਭੇ ਦੀ ਗੱਲ ਨਹੀਂ ਕਿ ਕੁਰਆਨ ਮਜੀਦ ਨੇ ਹਜ਼ਰਤ ਮੁਹੰਮਦ ਮੁਸਤਫ਼ਾ ਸਲਅਮ ਨੂੰ ਆਉਣ ਵਾਲੇ ਸਾਰੇ ਸਮਿਆਂ ਲਈ ਅਤੇ ਸਾਰੀ ਮਨੁੱਖ-ਜਾਤੀ ਲਈ ਆਦਰਸ਼ ਦੇ ਰੂਪ ਵਿੱਚ ਪੇਸ਼ ਕੀਤਾ ਹੈ। ਸਰਵ-ਸ਼ਕਤੀਮਾਨ ਅਲੱਾਹ ਪਵਿੱਤਰ ਕੁਰਆਨ ਮਜੀਦ ਵਿੱਚ ਫ਼ਰਮਾਉਂਦਾ ਹੈ—

"ਵ-ਲ-ਕੱਮ ਫ਼ੀ ਰਸੂਲਿੱਲਾਹੇ ਉਸ-ਵ-ਤੁਨ ਹ-ਸ-ਨ-ਤੁਨ"

(ਸੂਰਤ ਅਹਜ਼ਾਬ ਰਕੂਅ 3)

ਅਰਥਾਤ ਤੁਹਾਡੇ ਲਈ ਅਲੱਾਹ ਦੇ ਰਸੂਲ (ਅਰਥਾਤ ਆਪਦੀ ਜ਼ਾਤ) ਵਿੱਚ ਇਕ ਪਵਿੱਤਰ ਆਦਰਸ਼ ਹੈ।

ਇਸ ਤੋਂ ਪਹਿਲਾਂ ਕੁਰਆਨ ਮਜੀਦ ਦੀਆਂ ਕੁਝ ਇਕ ਚੋਣਵੀਆਂ ਆਇਤਾਂ ਪ੍ਰਕਾਸ਼ਤ ਕੀਤੀਆਂ ਜਾ ਚੁਕੀਆਂ ਹਨ ਜਿਨ੍ਹਾਂ ਵਿੱਚ ਮਨੁੱਖਤਾ ਦੀ ਭਲਾਈ ਬਾਰੇ ਤਾਰੀਫ਼ ਯੋਗ ਸਿਖਿਆ ਦਾ ਵਰਨਣ ਹੈ। ਹੁਣ ਅਸੀਂ ਹਜ਼ਰਤ ਮੁਹੰਮਦ ਮੁਸਤਫ਼ਾ ਸੱਲਅਮ ਦੀਆਂ ਹਦੀਸਾਂ[1] ਵਿੱਚੋਂ ਕੁਝ ਇਕ ਚੋਣਵੀਆਂ ਹਦੀਸਾਂ ਸੰਖੇਪ ਰੂਪ ਵਿੱਚ ਪੇਸ਼ ਕਰ ਰਹੇ ਹਾਂ।

ਏਹ ਹਦੀਸਾਂ ਆਪਦੇ ਜੀਵਨ ਕਥਨ ਅਤੇ ਕਰਮ ਨਾਲ ਸੰਬੰਧਤ ਹਨ।

ਇਨ੍ਹਾਂ ਹਦੀਸਾਂ ਦੇ ਅਧਿਐਨ ਕਰਨ ਤੋਂ ਹਜ਼ਰਤ ਮੁਹੰਮਦ ਮੁਸਤਫ਼ਾ ਸਲਅਮ ਦੇ ਨਿਤ ਦੇ ਜੀਵਨ, ਪ੍ਰਾਰਥਨਾਵਾਂ, ਉੱਤਮ ਆਚਰਨ ਅਤੇ ਆਪ ਦੇ ਧਰਮ ਪ੍ਰਚਾਰ ਦੇ ਤਰੀਕਿਆਂ ਤੇ ਚਾਨਣਾ ਪੈਂਦਾ ਹੈ। ਭਾਵੇਂ ਇਨ੍ਹਾਂ ਹਦੀਸਾਂ ਚੋਂ ਕੁਝ ਆਪਦੇ ਜੀਵਨ ਵਿੱਚ ਹੀ ਲਿਖੀਆਂ ਗਈਆਂ ਸਨ ਪਰ ਬਹੁਤੀਆਂ ਹਦੀਸਾਂ ਆਪਦੇ ਅਕਾਲ ਚਲਾਣੇ ਮਗਰੋਂ ਸੌ ਸਾਲ ਬਾਅਦ ਲਿਖੀਆਂ ਗਈਆ ਭਾਵੇਂ ਏਹ ਹਦੀਸਾਂ ਇਕ ਲੰਮੇ ਸਮੇਂ ਪਿੱਛੋਂ ਇਕੱਠੀਆਂ ਕੀਤੀਆਂ ਗਈਆਂ ਹਨ, ਫੇਰ ਵੀ ਹੇਠਾਂ ਲਿਖੇ ਕਾਰਣਾਂ ਕਰਕੇ ਇਹ ਅੱਜ ਵੀ ਵਿਸ਼ਵਾਸ ਯੋਗ ਹਨ।

1. ਪਹਿਲਾ ਕਾਰਣ ਇਹ ਹੈ ਕਿ ਹਜ਼ਰਤ ਮੁਹੰਮਤ ਮੁਸਤਫ਼ਾ ਸਲਅਮ ਦੇ ਪਵਿੱਤਰ ਕਥਨਾਂ ਦਾ ਆਪਦੇ ਸਾਥੀ ਵੱਡਾ ਸਤਿਕਾਰ ਕਰਦੇ ਸਨ ਅਤੇ ਆਪਦੀਆਂ ਉਹਨਾਂ ਸਾਰੀਆਂ ਗੱਲਾਂ ਨੂੰ ਜਿਹੜੀਆਂ ਆਪ ਸਮੇਂ ਅਨੁਸਾਰ ਵਰਨਣ ਕਰਦੇ ਸਨ ਆਪਦੇ ਸਹਾਬਾ ਉਸੇ ਸਮੇਂ ਯਾਦ ਕਰ ਲੈਂਦੇ ਸਨ ਅਤੇ ਓਹਨਾਂ ਗੱਲਾਂ ਦੀ ਆਪੋ ਵਿੱਚ ਚਰਚਾ ਵੀ ਕੀਤਾ ਕਰਦੇ ਸਨ ਅਤੇ ਇਕ ਦੂਜੇ ਨੂੰ ਦਸਦੇ ਵੀ ਰਹਿੰਦੇ ਸਨ।

2. ਦੂਜਾ ਕਾਰਣ ਇਹ ਹੈ ਕਿ ਆਪ ਦੇ ਪਵਿੱਤਰ ਕਥਨਾਂ ਅਤੇ ਗੱਲਾਂ ਨੂੰ ਬਹੁਤਾ ਕਰਕੇ ਧਾਰਮਕ ਵਿਸ਼ਵਾਸ ਅਨੁਸਾਰ ਵੇਖਿਆ ਜਾਂਦਾ ਸੀ। ਆਪ ਦੁਆਰਾ ਕਹੇ ਗਏ ਸ਼ਬਦਾਂ ਵਿੱਚ ਕਿਸੇ ਪ੍ਰਕਾਰ ਦੀ ਹੇਰਾ ਫੇਰੀ ਅਤੇ ਤਬਦੀਲੀ ਕਰਨਾ ਅਪਰਾਧ ਸਮਝਿਆ ਜਾਂਦਾ ਸੀ, ਆਪ ਦੇ ਸਾਥੀ ਇਹ ਵੀ ਸਮਝਦੇ ਸਨ ਕਿ ਅਜਿਹਾ ਕੋਈ ਅਪਰਾਧ ਕਰਨ ਤੇ ਸਾਨੂੰ ਅਲੱਾਹ

---

1. ਹਦੀਸ—ਹਜ਼ਰਤ ਮੁਹੰਮਦ ਮੁਸਤਫ਼ਾ ਸਲਅਮ ਦੇ ਜੀਵਨ ਵਿੱਚ ਬੀਤੀਆਂ ਘਟਨਾਵਾਂ ਆਪਦੇ ਪਵਿੱਤਰ ਕਥਨ ਤੇ ਕਰਮ ਜੋ ਲਿਖਿਤ ਰੂਪ ਵਿੱਚ ਸੁਰੱਖਿਅਤ ਹਨ ਹਦੀਸਾਂ ਅਖਵਾਉਂਦੇ ਹਨ।

ਦੇ ਸਾਹਮਣੇ ਉੱਤਰ ਵੀ ਦੇਣਾ ਪਏਗਾ। ਹਜ਼ਰਤ ਮੁਹੰਮਦ ਮੁਸਤਫ਼ਾ ਸਲਅਮ ਦਾ ਕਥਨ ਹੈ—

"ਉਸ ਵਿਅਕਤੀ ਦਾ ਟਿਕਾਣਾ ਨਰਕ ਹੋਵੇਗਾ ਜਿਹੜਾ ਕਿ ਮੇਰੀ ਜ਼ਾਤ ਨਾਲ ਕਿਸੇ ਅਜਿਹੀ ਗੱਲ ਨੂੰ ਜੋੜੇਗਾ ਜਿਹੜੀ ਕਿ ਮੈਂ ਨਾ ਕਹੀ ਹੋਵੇਗੀ।

3. ਤੀਜਾ ਕਾਰਣ ਇਹ ਹੈ ਕਿ ਜਦ ਵੀ ਲੋਕ ਆਪਦੇ ਸੰਬੰਧ ਵਿੱਚ ਕੁਝ ਗੱਲਾਂ ਕਰਦੇ ਜਾਂ ਆਪ ਤੋਂ ਕੁਝ ਸੁਣ ਕੇ ਦੂਜਿਆਂ ਨੂੰ ਦੱਸਦੇ ਤਾਂ ਚਲ ਰਹੀ ਰੀਤੀ ਅਨੁਸਾਰ ਅਜਿਹੀਆਂ ਗੱਲਾਂ ਨੂੰ ਸੁਨਣ ਵਾਲੇ ਨਾ ਕੇਵਲ ਆਪਦੀਆਂ ਗੱਲਾਂ ਨੂੰ ਮੂੰਹ ਜਬਾਨੀ ਯਾਦ ਹੀ ਕਰ ਲੈਂਦੇ ਸਗੋਂ ਓਹਨਾਂ ਗੱਲਾਂ ਨੂੰ ਵਰਨਣ ਕਰਨ ਵਾਲੇ ਵਿਅਕਤੀਆਂ ਦੇ ਨਾਂ ਅਤੇ ਉਹਨਾਂ ਦੇ ਮੁੱਖ ਹਾਲਾਤ ਨੂੰ ਵੀ ਚੇਤੇ ਕਰ ਲੈਂਦੇ ਸਨ।

4. ਚੌਥਾ ਵੱਡਾ ਕਾਰਣ ਇਹ ਹੈ ਕਿ ਅਰਬ ਦੇਸ਼ ਦੇ ਲੋਕ ਹਜ਼ਰਤ ਮੁਹੰਮਦ ਮੁਸਤਫ਼ਾ ਸਲਅਮ ਦੇ ਪ੍ਰਗਟ ਹੋਣ ਤੋਂ ਪਹਿਲਾਂ ਵੀ ਯਾਦਾਸ਼ਤ ਰੱਖਣ ਦੀ ਵੱਡੀ ਸ਼ਕਤੀ ਰੱਖਦੇ ਸਨ। ਓਹਨਾਂ ਵਿੱਚ ਅਜਿਹੇ ਲੋਕਾਂ ਦੀ ਕੋਈ ਘਾਟ ਨਹੀਂ ਸੀ ਜਿਹਨਾਂ ਨੂੰ ਇੱਕ ਇੱਕ ਲੱਖ ਤੋਂ ਵੀ ਬਹੁਤੇ ਕਵਿਤਾਵਾਂ ਦੇ ਬੰਦ ਯਾਦ ਸਨ। ਇਸ ਤੋਂ ਇਲਾਵਾ ਓਹਨਾਂ ਵਿੱਚ ਆਪਣੇ ਪਰਿਵਾਰ ਦੀ ਜਨਮ ਪਤਰੀ ਨੂੰ ਯਾਦ ਰੱਖਣ ਦਾ ਵੀ ਰਿਵਾਜ ਸੀ। ਹਜ਼ਰਤ ਮੁਹੰਮਦ ਮੁਸਤਫ਼ਾ ਸਲਅਮ ਦੇ ਪ੍ਰਗਟ ਹੋਣ ਮਗਰੋਂ ਆਪਦੇ ਸਾਥੀਆਂ ਅਤੇ ਆਪ ਉੱਤੇ ਈਮਾਨ ਲਿਆਉਣ ਵਾਲਿਆਂ ਦਾ ਇਖ਼ਲਾਕੀ ਦਰਜਾ ਬਹੁਤ ਉੱਚਾ ਹੋ ਗਿਆ ਸੀ ਅਤੇ ਕਿਸੇ ਗੱਲ ਨੂੰ ਵਧਾ ਚੜਾ ਕੇ ਵਰਨਣ ਕਰਣਾ ਪਸੰਦ ਨਹੀਂ ਕੀਤਾ ਜਾਂਦਾ ਸੀ। ਇਸ ਤੋਂ ਇਲਾਵਾ ਕੁਰਆਨ ਮਜੀਦ ਵਿਚ ਨਾ ਕੇਵਲ ਸੱਚਾਈ ਨੂੰ ਗ੍ਰਹਿਣ ਕਰਨ ਤੇ ਹੀ ਜ਼ੋਰ ਦਿੱਤਾ ਗਿਆਂ ਹੈ ਸਗੋਂ ਇਸ ਗੱਲ ਦੀ ਵੀ ਤਾਕੀਦ ਕੀਤੀ ਗਈ ਹੈ ਕਿ ਕੋਈ ਵਿਅਕਤੀ ਜਿਹੜੀ ਵੀ ਗੱਲ ਵਰਨਣ ਕਰੇ ਉਸ (ਗੱਲ) ਦੇ ਸੱਚੇ ਹੋਣ ਦੀ ਦਲੀਲ ਰਾਹੀਂ ਪੁਸ਼ਟੀ ਵੀ ਕਰੇ।

ਏਹਨਾਂ ਕਾਰਣਾਂ ਕਰਕੇ ਇਹ ਕਿਹਾ ਜਾ ਸਕਦਾ ਹੈ ਕਿ ਹਜ਼ਰਤ ਮੁਹੰਮਦ ਮੁਸਤਫ਼ਾ ਸਲਅਮ ਦੀਆਂ ਹਦੀਸਾਂ ਬਾਰੇ ਵਿਸ਼ੇਸ਼ ਸੂਝ ਬੂਝ ਤੋਂ ਕੰਮ ਲੈ ਕੇ ਉਹਨਾਂ ਨੂੰ ਸੁਰੱਖਿਅਤ ਰੱਖਿਆ ਗਿਆ ਅਤੇ ਇਸ ਦੇ ਟਾਕਰੇ ਤੇ ਦੂਜੀਆਂ ਇਤਿਹਾਸਕ ਘਟਨਾਵਾਂ ਨੂੰ ਇਕੱਤੇ ਕਰਨ ਵਿੱਚ ਇੰਨੀ ਸੂਝ ਬੂਝ ਤੋਂ ਕੰਮ ਲਿਆ ਜਾਣਾ ਵਿਖਾਈ ਨਹੀਂ ਦੇ ਰਿਹਾ।

ਹਜ਼ਰਤ ਮੁਹੰਮਦ ਮੁਸਤਫਾ ਸਲਅਮ ਦੀਆਂ ਹਦੀਸਾਂ ਨੂੰ ਇਕੱਠੀਆਂ ਕਰਨ ਵਿੱਚ ਮੁਸਲਮਾਨ ਵਿਦਵਾਨਾਂ ਨੇ ਇੰਨੀ ਮਿਹਨਤ ਕੀਤੀ ਹੈ ਅਤੇ ਓਹਨਾਂ ਦੇ ਸੱਚਿਆਂ ਹੋਣ ਦੇ ਸਬੂਤ ਨੂੰ ਸਿੱਧ ਕਰਨ ਲਈ ਇੰਨਾਂ ਧਿਆਨ ਦਿੱਤਾ ਹੈ ਕਿ ਹੋਰ ਕਿਸੇ ਵੀ ਇਤਿਹਾਸਕ ਵਿਸ਼ੇ ਬਾਰੇ ਇੰਨਾਂ ਧਿਆਨ ਨਹੀਂ ਦਿੱਤਾ ਗਿਆ। ਹਦੀਸਾਂ ਨੂੰ ਵਰਨਣ ਕਰਨ ਵਾਲਿਆਂ ਬਾਰੇ

ਵਿਸਥਾਰ ਨਾਲ ਛਾਣ ਬੀਣ ਕਰਦੇ ਹੋਏ ਕਿਸੇ ਇਕ ਕੜੀ ਨੂੰ ਵੀ ਨਹੀਂ ਛੱਡਿਆ ਗਿਆ ਇੱਥੋਂ ਤਕ ਕਿ ਹਦੀਸਾਂ ਨੂੰ ਬਿਆਨ ਕਰਨ ਵਾਲਿਆਂ ਦੇ ਚਰਿੱਤਰ ਦਾ ਅਧਿਐਨ ਕਰਕੇ ਉਹਨਾਂ ਦੀ ਸੱਚਾਈ ਤੇ ਕਿੱਦਾਂ ਭਰੋਸਾ ਕੀਤਾ ਜਾ ਸਕਦਾ ਹੈ ਇਸ ਬਾਰੇ ਅਣਗਿਣਤ ਗੱਲਾਂ ਲਿਖੀਆਂ ਜਾ ਚੁੱਕੀਆਂ ਹਨ, ਜਿਨ੍ਹਾਂ ਦੇ ਸਿੱਟੇ ਵਿੱਚ ਹਦੀਸਾਂ ਦੇ ਵਿਆਖਿਆ ਦੇ ਬਾਰੇ ਵਿੱਚ ਮਨੁੱਖੀ ਇਤਿਹਾਸ 'ਚ ਪਹਿਲੀ ਵਾਰ ਇਕ ਨਵਾਂ ਗਿਆਨ ਪ੍ਰਾਪਤ ਹੋਇਆ ਹੈ।

ਉਹਨਾਂ ਪਾਠਕਾਂ ਦੇ ਲਾਭ ਲਈ ਜਿਹੜੇ ਇਸਲਾਮ ਦੇ ਬਾਰੇ ਵਿਚ ਥੋੜ੍ਹਾ ਗਿਆਨ ਰੱਖਦੇ ਹਨ ਅਸੀਂ ਇਹ ਦੱਸਣਾ ਚਾਹੁੰਦੇ ਹਾਂ ਕਿ ਹਦੀਸਾਂ ਬਾਰੇ ਲਿਖੀਆਂ ਅਨੇਕ ਪੁਸਤਕਾਂ ਵਿਚੋਂ ਛੇ ਪੁਸਤਕਾਂ ਅਜਿਹੀਆਂ ਹਨ ਜਿਨ੍ਹਾਂ ਨੂੰ ਮੁਸਲਮਾਨ ਵਿਦਵਾਨਾਂ ਨੇ ਬਹੁਤ ਵੱਡਾ ਦਰਜਾ ਦਿੱਤਾ ਹੈ ਅਤੇ ਇਹ ਛੇ ਪ੍ਰਮਾਣਿਤ ਪੁਸਤਕਾਂ "ਸਿਹਾ ਸਿੱਤਾ" ਦੇ ਨਾਂ ਨਾਲ ਪ੍ਰਸਿੱਧ ਹਨ। ਇਨ੍ਹਾਂ ਛੇ ਪ੍ਰਮਾਣਿਤ ਪੁਸਤਕਾਂ ਨੂੰ ਇਕੱਠਿਆਂ ਕਰਨ ਵਾਲੇ ਵਿਦਵਾਨਾਂ ਦੇ ਬਾਰੇ ਸੰਖੇਪ ਜਿਹੀ ਜਾਣ-ਪਛਾਣ ਦਿੱਤੀ ਜਾਂਦੀ ਹੈ।

**ਸਹੀ ਬੁਖ਼ਾਰੀ**—ਏਸ ਕਿਤਾਬ ਦਾ ਪਵਿੱਤਰ ਕੁਰਆਨ ਮਜੀਦ ਮਗਰੋਂ ਸਭ ਤੋਂ ਉੱਚਾ ਅਸਥਾਨ ਹੈ। ਇਸ ਕਿਤਾਬ ਦੀਆਂ ਹਦੀਸਾਂ ਨੂੰ ਤਰਤੀਬ ਦੇਣ ਵਾਲੇ ਬੁਖ਼ਾਰਾ ਦੇ ਰਹਿਣ ਵਾਲੇ ਹਜ਼ਰਤ ਮੁਹੰਮਦ ਇਸਮਾਈਲ ਹਨ ਜਿਹੜੇ ਕਿ ਇਮਾਮ ਬੁਖ਼ਾਰੀ ਦੇ ਨਾਮ ਨਾਲ ਪ੍ਰਸਿੱਧ ਹਨ।

ਇਨ੍ਹਾਂ ਦਾ ਜਨਮ 194 ਹਿਜਰੀ ਵਿਚ ਹੋਇਆ ਅਤੇ 256 ਹਿਜਰੀ ਵਿਚ ਪਰਲੋਕ ਸਿਧਾਰ ਗਏ।

**ਸਹੀ ਮੁਸਲਿਮ**—ਦੂਜੀ ਮਹੱਤਵਪੂਰਨ ਕਿਤਾਬ ਸਹੀ ਮੁਸਲਿਮ ਹੈ। ਏਸ ਕਿਤਾਬ ਦੀਆਂ ਹਦੀਸਾਂ ਨੂੰ ਤਰਤੀਬ ਦੇਣ ਵਾਲੇ ਹਜ਼ਰਤ ਮੁਸਲਿਮ ਬਿਨ ਅਲ ਹਜੱਾਜ ਹਨ। ਇਹ ਖ਼ੁਰਾਸਾਨ ਪ੍ਰਦੇਸ਼ ਦੇ ਨੈਸਾਪੁਰ ਦੇ ਰਹਿਣ ਵਾਲੇ ਸਨ।

ਜਨਮ 202 ਹਿਜਰੀ, ਸਵਰਗਵਾਸ 261 ਹਿਜਰੀ।

**ਜਾਮੇਉਲ ਤਿਰਮਿਜ਼ੀ**—ਤੀਜੀ ਪ੍ਰਸਿੱਧ ਪੁਸਤਕ "ਜਾਮੇਉਲ ਤਿਰਮਿਜ਼ੀ" ਹੈ। ਇਸ ਵਿਚਲੀਆਂ ਹਦੀਸਾਂ ਨੂੰ ਤਰਤੀਬ ਦੇਣ ਵਾਲੇ ਹਜ਼ਰਤ ਇਮਾਮ ਮੁਹੰਮਦ ਬਿਨ ਈਸਾ ਹਨ, ਇਹ ਤਿਰਮਿਜ਼ ਦੇ ਰਹਿਣ ਵਾਲੇ ਸਨ।

ਜਨਮ 209 ਹਿਜਰੀ, ਸਵਰਗਵਾਸ 279 ਹਿਜਰੀ।

**ਸੁਨਨ ਅਬੂ ਦਾਊਦ**—ਉਪਰੋਕਤ ਲਿਖੀਆਂ ਕਿਤਾਬਾਂ ਮਗਰੋਂ ਚੌਥਾ ਸਥਾਨ ਸੁਨਨ ਅਬੂ ਦਾਊਦ ਦਾ ਹੈ। ਇਸ ਵਿਚ ਵਰਣਨ ਕੀਤੀਆਂ ਹਦੀਸਾਂ ਨੂੰ ਤਰਤੀਬ ਦੇਣ ਵਾਲੇ

ਹਜ਼ਰਤ ਸਲਾਮਾਨ ਬਿਨ ਅਲ ਅਸ਼ਅਤ ਹਨ, ਜਿਹੜੇ ਕਿ ਅਬੂ ਦਾਊਦ ਦੇ ਨਾਂ ਨਾਲ ਪ੍ਰਸਿੱਧ ਹਨ।

ਜਨਮ 202 ਹਿਜਰੀ, ਸਵਰਗਵਾਸ 275 ਹਿਜਰੀ।

**ਸੁਨਨ ਇਬਨੇ ਮਾਜਾ**—ਪੰਜਵਾਂ ਸਥਾਨ ਸੁਨਨ ਇਬਨੇ ਮਾਜਾ ਦਾ ਹੈ। ਇਸ ਵਿਚ ਲਿਖਿਤ ਹਦੀਸਾਂ ਨੂੰ ਤਰਤੀਬ ਦੇਣ ਵਾਲੇ ਹਜ਼ਰਤ ਮੁਹੰਮਦ ਇਬਨੇ ਮਾਜਾ ਹਨ। ਇਹ ਈਰਾਕ ਦੇ ਪ੍ਰਸਿੱਧ ਨਗਰ "ਕ਼ਿਜ਼ਵੀਨ" ਦੇ ਰਹਿਣ ਵਾਲੇ ਸਨ।

ਜਨਮ 209 ਹਿਜਰੀ, ਸਵਰਗਵਾਸ 275 ਹਿਜਰੀ।

**ਸੁਨਨ ਨਿਸਾਈ**—ਛੇਵੇਂ ਅਸਥਾਨ ਤੇ ਸੁਨਨ ਨਿਸਾਈ ਦਾ ਨਾਂ ਹੈ। ਇਸ ਵਿਚ ਲਿਖੀਆਂ ਹਦੀਸਾਂ ਨੂੰ ਹਜ਼ਰਤ ਅਹਿਮਦ ਬਿਨ ਸ਼ੁਐਬ ਨੇ ਤਰਤੀਬ ਦਿੱਤਾ। ਨਿਸਾ ਖ਼ੁਰਾਸਾਨ ਵਿਚ ਇਕ ਪ੍ਰਸਿੱਧ ਨਗਰ ਹੈ, ਜਿੱਥੋਂ ਦੇ ਇਹ ਨਿਵਾਸੀ ਸਨ। ਇਹੀ ਕਾਰਣ ਹੈ ਕਿ ਇਹ ਨਿਸਾਈ ਦੇ ਨਾਂ ਨਾਲ ਪ੍ਰਸਿੱਧ ਹਨ।

ਜਨਮ 215 ਹਿਜਰੀ, ਸਵਰਗਵਾਸ 306 ਹਿਜਰੀ।

**ਮੌਤਾ ਇਮਾਮ ਮਾਲਿਕ**—ਇਨ੍ਹਾਂ ਸਿਹਾ ਸਿੱਤਾ ਮਗਰੋਂ ਮਹੱਤਵਪੂਰਣ ਕਿਤਾਬ "ਮੌਤਾ ਇਮਾਮ ਮਾਲਿਕ" ਦੇ ਨਾਂ ਨਾਲ ਪ੍ਰਸਿੱਧ ਹੈ। ਇਸ ਕਿਤਾਬ ਦੀਆਂ ਹਦੀਸਾਂ ਨੂੰ ਤਰਤੀਬ ਦੇਣ ਵਾਲੇ ਹਜ਼ਰਤ ਮਾਲਿਕ ਬਿਨ ਅਨਸ ਹਨ, ਜਿਹੜੇ ਕਿ ਇਮਾਮ ਮਾਲਿਕ ਦੇ ਨਾਂ ਨਾਲ ਜਾਣੇ ਪਹਿਚਾਣੇ ਜਾਂਦੇ ਹਨ। ਇਹ ਪੁਸਤਕ ਸਿਹਾ ਸਿੱਤਾ ਵਿਚ ਸ਼ਾਮਲ ਨਹੀਂ ਕਿਉਂਕਿ ਇਹ ਪੁਸਤਕ ਮੌਲਿਕ ਰੂਪ ਨਾਲ ਕਾਨੂੰਨੀ ਸਿਧਾਂਤਾਂ ਨਾਲ ਸੰਬੰਧਿਤ ਹੈ, ਇਸ ਲਈ ਇਸ ਵਿਚ ਜ਼ਿਆਦਾ ਉਹ ਹਦੀਸਾਂ ਬਿਆਨ ਕੀਤੀਆਂ ਗਈਆਂ ਹਨ ਜਿਨ੍ਹਾਂ ਵਿਚ ਕਾਨੂੰਨੀ ਗੱਲਾਂ ਦਾ ਚਰਚਾ ਹੈ। ਮੌਤਾ ਇਮਾਮ ਮਾਲਿਕ ਦੀਆਂ ਹਦੀਸਾਂ ਦੀ ਪ੍ਰਮਾਣਿਕਤਾ ਇਸ ਗੱਲ ਤੋਂ ਸਿੱਧ ਹੈ ਕਿ ਇਸ ਦੀਆਂ ਸਾਰੀਆਂ ਹਦੀਸਾਂ ਸਹੀ ਬੁਖ਼ਾਰੀ ਅਤੇ ਸਹੀ ਮੁਸਲਿਮ ਵਿਚ ਮੌਜੂਦ ਹਨ। ਇਮਾਮ ਮਾਲਿਕ ਦਾ ਅਸਥਾਨ ਹਦੀਸਾਂ ਇਕੱਠੀਆਂ ਕਰਨ ਵਾਲਿਆਂ ਵਿਚੋਂ ਇੰਨਾ ਉੱਚਾ ਹੈ ਕਿ ਉਹ "ਇਮਾਮੁਲ ਮੁਹੱਦੇਸੀਨ" (ਅਰਥਾਤ ਹਦੀਸਾਂ ਇਕੱਠੀਆਂ ਕਰਨ ਵਾਲਿਆਂ ਦਾ ਗੁਰੂ) ਦੇ ਨਾਮ ਨਾਲ ਮਸ਼ਹੂਰ ਹਨ ਅਤੇ ਹਦੀਸਾਂ ਇਕੱਠੀਆਂ ਕਰਨ ਵਾਲੇ ਸਾਰੇ ਹੀ ਇਮਾਮਾਂ ਨੇ ਓਹਨਾਂ (ਅਰਥਾਤ ਇਮਾਮ ਮਾਲਿਕ) ਦੀ ਇਸ ਮਹਾਨਤਾ ਨੂੰ ਸਵੀਕਾਰ ਕੀਤਾ ਹੈ।

---

ਆਂਹਜ਼ਰਤ—ਇਸ ਅਨੁਵਾਦ ਵਿਚ ਜਿੱਥੇ ਜਿੱਥੇ ਵੀ ਆਂਹਜ਼ਰਤ ਦਾ ਸ਼ਬਦ ਆਇਆ ਹੈ ਇਸ ਤੋਂ ਮੁਰਾਦ ਹਜ਼ਰਤ ਮੁਹੰਮਦ ਸਲ-ਲੱਲਾਹੁ ਅਲੈਹਿ ਵਸੱਲਮ ਹਨ।

# 1. ਨੀਅਤ ਅਤੇ ਕਰਮ

ਹਜ਼ਰਤ ਉਮਰ ਰਜ਼ੀਅਲੱਾਹ ਅਨਹੁ ਵਰਨਣ ਕਰਦੇ ਹਨ ਕਿ ਮੈਂ ਆਂਹਜ਼ਰਤ ਸਲ-ਲੱਲਾਹੁ ਅਲੈਹਿ ਵਸੱਲਮ ਨੂੰ ਇਹ ਫਰਮਾਉਂਦੇ ਸੁਣਿਆ ਕਿ ਸਾਰੇ ਅਮਲਾਂ ਦੀ ਨੀਂਹ ਨੀਅਤਾਂ ਉੱਤੇ ਹੁੰਦੀ ਹੈ ਅਤੇ ਹਰ ਮਨੁੱਖ ਨੂੰ ਉਹਦੀ ਨੀਅਤ ਅਨੁਸਾਰ ਬਦਲਾ ਮਿਲਦਾ ਹੈ, ਸੋ ਜਿਸ ਇਨਸਾਨ ਨੇ ਅਲੱਾਹ ਤੇ ਉਹਦੇ ਰਸੂਲ ਦੀ ਖ਼ਾਤਰ ਹਿਜਰਤ (ਘਰ-ਬਾਰ ਛਡਿਆ) ਕੀਤੀ, ਉਹਦੀ ਹਿਜਰਤ ਅਲੱਾਹ ਤੇ ਉਹਦੇ ਰਸੂਲ ਲਈ ਹੋਵੇਗੀ, ਪਰ ਜਿਹਨੇ ਦੁਨੀਆ ਪ੍ਰਾਪਤੀ ਲਈ ਜਾਂ ਕਿਸੇ ਇਸਤਰੀ ਨਾਲ ਵਿਆਹ ਕਰਨ ਲਈ ਹਿਜਰਤ ਕੀਤੀ, ਤਾਂ ਉਹਦੀ ਹਿਜਰਤ ਦਾ ਮਤਲਬ ਵੀ ਅਲੱਾਹ ਨੇੜੇ ਉਹੀ ਸਮਝਿਆ ਜਾਏਗਾ ਅਤੇ ਵਟਾਂਦਰੇ ਵਜੋਂ ਉਹਨੂੰ ਕੁਝ ਵੀ ਨਹੀਂ ਮਿਲੇਗਾ।

(ਬੁਖ਼ਾਰੀ ਸ਼ਰੀਫ਼ ਭਾਗ 1 ਪੰਨਾ 1 ਭਾਗ 2 ਪੰਨਾ 989
ਅਤੇ ਮੁਸਲਿਮ ਸ਼ਰੀਫ਼ ਭਾਗ 1 ਪੰਨਾ 232)

ਹਜ਼ਰਤ ਅਬਦੁਲੱਾਹ ਬਿਨ (ਸਪੁੱਤਰ) ਉਮਰ ਰਜ਼ੀਅਲੱਾਹ ਅਨਹੁ ਵਰਨਣ ਕਰਦੇ ਹਨ ਕਿ ਆਂਹਜ਼ਰਤ ਸਲ-ਲੱਲਾਹੁ ਅਲੈਹਿ ਵਸੱਲਮ ਨੇ ਫ਼ਰਮਾਇਆ, ਮੁਸਲਮਾਨ ਉਹ ਹੈ ਜਿਹਦੀ ਜ਼ਬਾਨ ਤੇ ਹੱਥ ਤੋਂ ਦੂਜੇ ਮੁਸਲਮਾਨ ਸੁਰੱਖਿਅਤ ਰਹਿਣ ਅਤੇ ਮੁਹਾਜਿਰ (ਹਿਜਰਤ ਕਰਨ ਵਾਲਾ, ਅਰਥਾਤ ਅਲੱਾਹ ਤੇ ਰਸੂਲ ਦੀ ਖ਼ਾਤਰ ਘਰ-ਬਾਰ ਤੇ ਦੇਸ ਛੱਡਣ ਵਾਲਾ) ਉਹ ਹੈ ਜਿਹੜਾ ਉਹਨਾਂ ਗੱਲਾਂ ਨੂੰ ਤਿਆਗ ਦੇਵੇ ਜਿਹਨਾਂ ਨੂੰ ਛੱਡ ਦੇਣ ਦਾ ਅਲੱਾਹ ਨੇ ਹੁਕਮ ਦਿੱਤਾ ਹੈ।

(ਬੁਖ਼ਾਰੀ ਸ਼ਰੀਫ਼ ਭਾਗ 1 ਪੰਨਾ 6)

# 2. ਅਲੱਾਹ ਦੀ ਸ਼ਾਨ

ਹਜ਼ਰਤ ਅਬਦੁਲੱਾਹ ਬਿਨ (ਸਪੁੱਤਰ) ਉਮਰ ਰਜ਼ੀਅਲੱਾਹ ਅਨਹੁ ਕਹਿੰਦੇ ਹਨ ਕਿ ਆਂਹਜ਼ਰਤ ਸਲ-ਲੱਲਾਹੁ ਅਲੈਹਿ ਵਸੱਲਮ ਨੇ ਮਿੰਬਰ (ਭਾਸ਼ਨ ਦੇਣ ਲਈ ਬਣਾਈ ਗਈ ਲੱਕੜੀ ਆਦਿ ਦੀ ਉੱਚੀ ਥਾਂ) ਤੇ ਚੜ੍ਹ ਕੇ ਭਾਸ਼ਨ ਦਿੰਦਿਆਂ ਹੋਇਆਂ ਕੁਰਆਨ ਮਜੀਦ ਦੀ ਇਹ ਆਇਤ ਪੜ੍ਹੀ। ਆਕਾਸ਼ ਉਹਦੇ ਸੱਜੇ ਹੱਥ ਵਿਚ ਲਪੇਟੇ ਹੋਏ ਹਨ, ਉਹ ਉਹਨਾਂ ਸ਼ਰੀਕਾਂ ਤੋਂ ਜਿਹਨਾਂ ਨੂੰ ਲੋਕ ਆਪਣੇ ਤੇ ਉਹਦੇ ਟਾਕਰੇ ਤੇ ਆਪ ਘੜ ਲੈਂਦੇ ਹਨ ਅਤਿ ਪਵਿੱਤਰ ਤੇ ਉੱਚਾ ਹੈ। ਹਜ਼ੂਰ ਨੇ ਫ਼ਰਮਾਇਆ ਕਿ ਅਲੱਾਹ ਫ਼ਰਮਾਉਂਦਾ ਹੈ, ਮੈਂ ਵੱਡਾ ਸ਼ਕਤੀਮਾਨ ਹਾਂ, ਮੈਂ ਹਾਨੀ ਦਾ ਵਟਾਂਦਰਾ ਦੇਣ ਵਾਲਾ ਹਾਂ, ਮੇਰੇ ਲਈ ਹੀ ਸਾਰੀਆਂ

ਵਡਿਆਈਆਂ ਹਨ, ਮੈਂ ਬਾਦਸ਼ਾਹਾਂ ਦਾ ਬਾਦਸ਼ਾਹ ਹਾਂ, ਮੈਂ ਵੱਡੀ ਸ਼ਾਨ ਵਾਲਾ ਹਾਂ। ਅਲੱਾਹ ਇਸ ਤਰ੍ਹਾਂ ਆਪਣੀ ਬਜ਼ੁਰਗੀ ਤੇ ਸਤਿਕਾਰ ਵਰਨਣ ਕਰਦਾ ਹੈ। ਆਂਹਜ਼ਰਤ ਸਲ-ਲੱਲਾਹੁ ਅਲੈਹਿ ਵਸੱਲਮ ਇਹਨਾਂ ਸ਼ਬਦਾਂ ਨੂੰ ਬਾਰ-ਬਾਰ ਬੜੇ ਜੋਸ਼ ਨਾਲ ਦੁਹਰਾਉਂਦੇ, ਇੱਥੋਂ ਤਕ ਕਿ ਮਿੰਬਰ ਕੰਬਣ ਲੱਗਾ ਅਤੇ ਸਾਨੂੰ ਇਹ ਖ਼ਿਆਲ ਪੈਦਾ ਹੋਇਆ ਕਿ ਕਿਤੇ ਆਪ ਮਿੰਬਰ ਤੋਂ ਡਿੱਗ ਹੀ ਨਾ ਪੈਣ।

(ਮੁਸਨਦ ਅਹਿਮਦ ਭਾਗ 2 ਪੰਨਾ 88)

ਹਜ਼ਰਤ ਅਬੂ ਹੁਰੈਰਾ ਰਜ਼ੀਅਲੱਾਹ ਅਨਹੁ ਵਰਨਣ ਕਰਦੇ ਹਨ ਕਿ ਆਂਹਜ਼ਰਤ ਸਲ-ਲੱਲਾਹੁ ਅਲੈਹਿ ਵਸੱਲਮ ਨੇ ਫ਼ਰਮਾਇਆ ਕਿ ਦੋ ਵਾਕ ਅਜਿਹੇ ਹਨ, ਜਿਹੜੇ ਰਹਿਮਾਨ ਤੇ ਮਿਹਰਬਾਨ ਖ਼ੁਦਾ ਨੂੰ ਬਹੁਤ ਪਸੰਦ ਹਨ, ਜ਼ਬਾਨ ਨਾਲ ਕਹਿਣ ਲੱਗਿਆ ਤਾਂ ਹਲਕੇ-ਫੁਲਕੇ ਹਨ, ਪਰ ਵਟਾਂਦਰੇ ਦੀ ਤਕੜੀ ਵਿਚ ਪਾਇਆਂ ਬਹੁਤ ਭਾਰੀ ਹਨ, ਉਹ ਸ਼ਬਦ ਏਹ ਹਨ:

"ਮੈਂ ਅਲੱਾਹ ਦਾ ਸਿਮਰਨ ਕਰਦਾ ਹਾਂ ਅਤੇ ਉਹਦੀ ਹਮਦ (ਤਾਅਰੀਫ਼) ਵਿਚ ਲੱਗਾ ਰਹਿੰਦਾ ਹਾਂ, ਤੇ ਮੈਂ ਵਡਿਆਈ ਅਤੇ ਉੱਚੀ ਸ਼ਾਨ ਵਾਲੇ ਖ਼ੁਦਾ ਦੀ ਤਸਬੀਹ (ਸਿਮਰਨ) ਕਰਦਾ ਹਾਂ"।

(ਬੁਖ਼ਾਰੀ ਸ਼ਰੀਫ਼ ਭਾਗ 2 ਪੰਨਾ 1129)

# 3. ਅਲੱਾਹ ਇਕ ਹੈ

ਹਜ਼ਰਤ ਅਬੂ ਹੁਰੈਰਾ ਰਜ਼ੀਅਲੱਾਹ ਅਨਹੁ ਬਿਆਨ ਕਰਦੇ ਹਨ ਕਿ ਆਂਹਜ਼ਰਤ ਸਲ-ਲੱਲਾਹੁ ਅਲੈਹਿ ਵਸੱਲਮ ਨੇ ਦੱਸਿਆ ਕਿ ਅਲੱਾਹ ਫ਼ਰਮਾਉਂਦਾ ਹੈ, ਕਿ ਮੇਰਾ ਬੰਦਾ ਮੈਨੂੰ ਝੁਠਲਾਉਂਦਾ ਹੈ, ਜਦ ਕਿ ਉਹਨੂੰ ਅਜਿਹਾ ਨਹੀਂ ਕਰਨਾ ਚਾਹੀਦਾ, ਉਹ ਮੈਨੂੰ ਗਾਲ੍ਹਾਂ ਕੱਢਦਾ ਹੈ, ਜਦ ਕਿ ਉਹਨੂੰ ਅਜਿਹਾ ਕਰਨ ਦਾ ਕੋਈ ਹੱਕ ਨਹੀਂ ਸੀ। ਉਹਦਾ ਮੈਨੂੰ ਝੁਠਲਾਉਣ ਦਾ ਮਤਲਬ ਇਹ ਹੈ ਕਿ ਉਹ ਕਹਿੰਦਾ ਹੈ ਕਿ ਅਲੱਾਹ ਸਾਨੂੰ ਮੁੜ ਕੇ ਇਸ ਤਰ੍ਹਾਂ ਪੈਦਾ ਨਹੀਂ ਕਰ ਸਕਦਾ, ਜਿਵੇਂ ਕਿ ਉਹਨੇ ਸਾਨੂੰ ਪਹਿਲਾਂ ਪੈਦਾ ਕੀਤਾ ਸੀ। ਉਹਦਾ ਮੈਨੂੰ ਗਾਲ੍ਹਾਂ ਕੱਢਣ ਦਾ ਮਤਲਬ ਇਹ ਹੈ, ਕਿ ਉਹ ਕਹਿੰਦਾ ਹੈ ਕਿ ਅਲੱਾਹ ਨੇ ਕਿਸੇ ਨੂੰ ਆਪਣਾ ਪੁੱਤਰ ਬਣਾਇਆ ਹੈ, ਜਦ ਕਿ ਮੇਰੀ ਸ਼ਾਨ "ਸਮਦ" ਹੈ, ਅਰਥਾਤ ਬੇ ਨਿਆਜ਼ ਹੈ, ਨਾ ਮੈਂ ਕਿਸੇ ਦਾ ਪੁੱਤਰ ਹਾਂ ਅਤੇ ਨਾ ਮੈਨੂੰ ਕਿਸੇ ਨੇ ਜਣਿਆ ਹੈ ਤੇ ਨਾ ਹੀ ਮੇਰਾ ਕੋਈ ਹਮਸਰ (ਮੇਰੇ ਜਿਹਾ) ਹੋ ਸਕਦਾ ਹੈ।

(ਮੁਸਨਦ ਅਹਿਮਦ ਭਾਗ 2 ਪੰਨਾ 137)

# 4. ਅਲੱਾਹ ਦਾ ਜ਼ਿਕਰ (ਸਿਮਰਨ)

ਹਜ਼ਰਤ ਜਾਬਰ ਰਜ਼ੀਅਲੱਾਹ ਅਨਹੁ ਵਰਨਣ ਕਰਦੇ ਹਨ ਕਿ ਮੈ ਆਂਹਜ਼ਰਤ ਸਲ-ਲੱਲਾਹੁ ਅਲੈਹਿ ਵਸੱਲਮ ਨੂੰ ਇਹ ਫ਼ਰਮਾਉਂਦੇ ਹੋਏ ਸੁਣਿਆ ਹੈ, ਕਿ ਸਭ ਤੋਂ ਚੰਗਾ

ਸਿਮਰਨ "ਕਲਮਾ ਤੌਹੀਦ" (ਇਕ ਈਸ਼ਵਰ ਵਾਦ ਦਾ ਇਕਰਾਰ ਕਰਨਾ) ਹੈ, ਅਰਥਾਤ ਇਸ ਗੱਲ ਦਾ ਇਕਰਾਰ ਕਰਨਾ ਕਿ ਅਲੱਾਹ ਤੋਂ ਬਿਨਾਂ ਕੋਈ ਵੀ ਇਸ਼ਟ ਨਹੀਂ ਹੈ ਅਤੇ ਸਭ ਤੋਂ ਚੰਗੀ ਅਰਦਾਸ (ਦੁਆ) "ਅਲਹਮਦੁ ਲਿਲੱਾਹਿ" ਹੈ, (ਅਰਥਾਤ ਸਾਰੀਆਂ ਤਾਰੀਫ਼ਾਂ ਅਲੱਾਹ ਲਈ ਹੀ ਹਨ)।

(ਤਿਰਮਿਜ਼ੀ ਸ਼ਰੀਫ਼ ਭਾਗ 2 ਪੰਨਾ 132)

ਹਜ਼ਰਤ ਅਬੂ ਮੂਸਾ ਅਸ਼ਅਰੀ ਰਜ਼ੀਅਲੱਾਹ ਅਨਹੁ ਵਰਨਣ ਕਰਦੇ ਹਨ ਕਿ ਆਂ-ਹਜ਼ਰਤ ਸਲ-ਲੱਲਾਹੁ ਅਲੈਹਿ ਵਸੱਲਮ ਨੇ ਫ਼ਰਮਾਇਆ ਕਿ "ਅਲੱਾਹ ਦਾ ਜ਼ਿਕਰ (ਸਿਮਰਨ) ਕਰਨ ਤੇ ਜ਼ਿਕਰ (ਸਿਮਰਨ) ਨਾ ਕਰਨ ਵਾਲਿਆਂ ਦੀ ਮਿਸਾਲ ਜੀਉਂਦੇ ਤੇ ਮਰੇ ਹੋਏ ਵਾਂਗ ਹੈ, ਅਰਥਾਤ ਜਿਹੜਾ ਜ਼ਿਕਰ (ਸਿਮਰਨ) ਕਰਦਾ ਹੈ ਉਹ ਜੀਊਂਦਾ ਹੈ ਤੇ ਜਿਹੜਾ ਨਹੀਂ ਕਰਦਾ ਉਹ ਮੁਰਦਾ ਹੈ।"

(ਬੁਖ਼ਾਰੀ ਸ਼ਰੀਫ਼ ਭਾਗ 2 ਪੰਨਾ 948)

ਹਜ਼ਰਤ ਅਬੂ ਮੂਸਾ (ਮੂਸਾ ਦੇ ਪਿਤਾ) ਰਜ਼ੀਅਲੱਾਹ ਅਨਹੁ ਵਰਨਣ ਕਰਦੇ ਹਨ ਕਿ ਅਸੀਂ ਆਂਹਜ਼ਰਤ ਸਲ-ਲੱਲਾਹੁ ਅਲੈਹਿ ਵਸੱਲਮ ਦੇ ਨਾਲ ਸਫ਼ਰ ਤੇ ਸਾਂ। ਲੋਕ ਜ਼ੋਰ-ਜ਼ੋਰ ਨਾਲ ਨਾਅਰਾ ਤਕਬੀਰ ਲਾਉਣ ਲੱਗੇ, ਤਾਂ ਇਸ ਤੇ ਹਜ਼ੂਰ ਨੇ ਫ਼ਰਮਾਇਆ, ਹੇ ਲੋਕੋ! ਮਿਆਨਾਰਵੀ (ਦਰਮਿਆਨੀ ਚਾਲ) ਇਖ਼ਤਿਆਰ ਕਰੋ, ਕਿਉਂ ਜੁ ਤੁਸੀਂ ਨਾ ਤਾਂ ਕਿਸੇ ਬੋਲੇ ਨੂੰ ਬੁਲਾ ਰਹੇ ਓ ਅਤੇ ਨਾ ਹੀ ਕਿਸੇ ਐਸੇ ਨੂੰ ਜਿਹੜਾ ਮੌਜੂਦ ਨਾ ਹੋਵੇ, ਸਗੋਂ ਤੁਸੀਂ ਤਾਂ ਅਜਿਹੀ ਹਸਤੀ ਦੀ ਵਡਿਆਈ ਬਿਆਨ ਕਰ ਰਹੇ ਓ, ਜੋ ਸਮੀਅ, ਅਰਥਾਤ ਸੁਨਣ ਵਾਲਾ ਹੈ ਅਤੇ ਤੁਹਾਡੇ ਲਾਗੇ ਹੀ ਹੈ ਤੇ ਤੁਹਾਡੇ ਨਾਲ ਹੀ ਹੈ।

(ਮੁਸਲਿਮ ਸ਼ਰੀਫ਼ ਪੰਨਾ 233)

ਹਜ਼ਰਤ ਅਬੂ ਹੁਰੈਰਾ (ਹੁਰੈਰਾ ਦੇ ਪਿਤਾ) ਰਜ਼ੀਅਲੱਾਹ ਅਨਹੁ ਵਰਨਣ ਕਰਦੇ ਹਨ ਕਿ ਆਂਹਜ਼ਰਤ ਸਲ-ਲੱਲਾਹੁ ਅਲੈਹਿ ਵਸੱਲਮ ਨੇ ਫ਼ਰਮਾਇਆ ਕਿ ਅਲੱਾਹ ਦੇ ਕੁਝ ਇਕ ਬਜ਼ੁਰਗ ਫ਼ਰਿਸ਼ਤੇ ਘੁੰਮਦੇ ਰਹਿੰਦੇ ਹਨ ਤੇ ਉਹਨਾਂ ਨੂੰ ਜ਼ਿਕਰ (ਸਿਮਰਨ) ਦੀ ਮਜਲਿਸ (ਸੰਗਤ ਜਾਂ ਇਕੱਠ) ਦੀ ਭਾਲ ਰਹਿੰਦੀ ਹੈ, ਜਦ ਓਹ ਕੋਈ ਅਜਿਹੀ ਮਜਲਿਸ (ਸੰਗਤ) ਪਾਉਂਦੇ ਹਨ, ਜਿਸ ਵਿਚ ਅਲੱਾਹ ਦਾ ਜ਼ਿਕਰ ਹੋ ਰਿਹਾ ਹੋਵੇ, ਤਾਂ ਉਥੇ ਬਹਿ ਜਾਂਦੇ ਹਨ ਤੇ ਪਰਾਂ ਨਾਲ ਉਹਨੂੰ ਢੱਕ ਲੈਂਦੇ ਹਨ, ਇਸ ਤੇ ਸਾਰਾ ਵਾਤਾਵਰਨ ਓਹਨਾਂ ਦੀ ਬਰਕਤ ਨਾਲ ਭਰ ਜਾਂਦਾ ਹੈ। ਜਦ ਲੋਕ ਇਸ ਮਜਲਿਸ ਵਿਚੋਂ ਉਠ ਕੇ ਚਲੇ ਜਾਂਦੇ ਹਨ, ਤਾਂ ਓਹ (ਫ਼ਰਿਸ਼ਤੇ) ਵੀ ਆਕਾਸ਼ਾਂ ਵੱਲ ਚੜ੍ਹ ਜਾਂਦੇ ਹਨ, ਉਥੇ ਅਲੱਾਹ ਓਹਨਾਂ ਤੋਂ ਪੁੱਛਦਾ ਹੈ, ਹਾਲਾਂਕਿ ਉਹ ਸਭ ਕੁੱਝ ਜਾਣਦਾ ਹੈ। ਕਿੱਥੋਂ ਆਏ ਓ! ਓਹ ਉੱਤਰ ਦਿੰਦੇ ਹਨ, ਕਿ ਅਸੀਂ ਤੇਰੇ ਬੰਦਿਆਂ ਕੋਲੋਂ ਆਏ ਹਾਂ, ਜਿਹੜੇ ਤੇਰੀ ਤਸਬੀਹ (ਸਿਮਰਨ) ਤੇ ਤੇਰੀ ਵਡਿਆਈ ਵਰਨਣ ਕਰ ਰਹੇ ਸੀ ਤੇ ਤੇਰੀ ਇਬਾਦਤ ਵਿਚ ਲੱਗੇ ਹੋਏ ਸੀ ਅਤੇ ਤੇਰੀ ਤਾਰੀਫ਼ ਵਿਚ ਲੀਨ ਸਨ ਤੇ ਤੇਰੀ ਹਜ਼ੂਰੀ ਵਿਚ ਦੁਆ (ਅਰਦਾਸ) ਮੰਗ ਰਹੇ ਸਨ, ਇਸ ਤੇ

ਅਲੱਾਹ ਫ਼ਰਮਾਉਂਦਾ ਹੈ ਕਿ ਓਹ ਮੈਥੋਂ ਕੀ ਮੰਗਦੇ ਹਨ, ਇਸ ਤੇ ਫ਼ਰਿਸ਼ਤੇ ਅਰਜ਼ ਕਰਦੇ ਹਨ ਕਿ ਓਹ ਤੈਥੋਂ ਤੇਰੀ ਜੱਨਤ (ਸਵਰਗ) ਮੰਗਦੇ ਹਨ, ਇਸ ਤੇ ਅਲੱਾਹ ਕਹਿੰਦਾ ਹੈ ਕਿ ਕੀ ਓਹਨਾਂ ਨੇ ਮੇਰੀ ਜੱਨਤ ਵੇਖੀ ਹੈ ? ਇਸ ਤੇ ਫ਼ਰਿਸ਼ਤੇ ਕਹਿੰਦੇ ਹਨ ਕਿ ਹੇ ਅਲੱਾਹ ! ਓਹਨਾਂ ਨੇ ਤੇਰੀ ਜੱਨਤ ਵੇਖੀ ਤਾਂ ਨਹੀਂ, ਅਲੱਾਹ ਕਹਿੰਦਾ ਹੈ ਕਿ ਓਹਨਾਂ ਦੀ ਕੀ ਅਵਸਥਾ ਹੋਵੇਗੀ, ਜੇ ਉਹ ਮੇਰੀ ਜੱਨਤ ਵੇਖ ਲੈਣ! ਫੇਰ ਫ਼ਰਿਸ਼ਤੇ ਕਹਿੰਦੇ ਹਨ ਕਿ ਤੇਰੀ ਪਨਾਹ (ਓਟ) ਚਾਹੁੰਦੇ ਹਨ, ਇਸ ਤੇ ਅਲੱਾਹ ਕਹਿੰਦਾ ਹੈ ਕਿ ਓਹ ਕਿਹੜੀ ਸ਼ੈਂ ਤੋਂ ਮੇਰੀ ਪਨਾਹ ਚਾਹੁੰਦੇ ਹਨ। ਫ਼ਰਿਸ਼ਤੇ ਇਸ ਤੇ ਕਹਿੰਦੇ ਹਨ ਕਿ ਓਹ ਤੇਰੀ ਅੱਗ ਤੋਂ ਪਨਾਹ ਮੰਗਦੇ ਹਨ। ਅਲੱਾਹ ਕਹਿੰਦਾ ਹੈ ਕਿ ਕੀ ਓਹਨਾਂ ਨੇ ਮੇਰੀ ਅੱਗ ਵੇਖੀ ਹੈ ? ਫ਼ਰਿਸ਼ਤੇ ਕਹਿੰਦੇ ਹਨ ਕਿ ਵੇਖੀ ਤਾਂ ਨਹੀਂ। ਅਲੱਾਹ ਫ਼ਰਮਾਉਂਦਾ ਹੈ ਕਿ ਓਹਨਾਂ ਦਾ ਕੀ ਹਾਲ ਹੋਵੇ, ਜੇ ਕਰ ਓਹ ਮੇਰੀ ਅੱਗ ਵੇਖ ਲੈਣ ! ਫੇਰ ਫ਼ਰਿਸ਼ਤੇ ਕਹਿੰਦੇ ਹਨ ਕਿ ਓਹ ਤੇਰੀ ਬਖਸ਼ਸ਼ ਦੇ ਚਾਹਵਾਨ ਹਨ, ਇਸ ਤੇ ਅਲੱਾਹ ਕਹਿੰਦਾ ਹੈ ਕਿ ਮੈਂ ਓਹਨਾਂ ਨੂੰ ਬਖਸ਼ ਦਿੱਤਾ ਅਤੇ ਓਹਨਾਂ ਨੂੰ ਸਭ ਕੁੱਝ ਦਿੱਤਾ, ਜੋ ਕੁਝ ਓਹਨਾਂ ਨੇ ਮੈਥੋਂ ਮੰਗਿਆ ਅਤੇ ਮੈਂ ਓਹਨਾਂ ਨੂੰ ਪਨਾਹ ਦਿੱਤੀ, ਜਿਸ ਤੋਂ ਉਹਨਾਂ ਨੇ ਮੇਰੀ ਪਨਾਹ ਚਾਹੀ। ਇਸ ਤੇ ਫ਼ਰਿਸ਼ਤੇ ਕਹਿੰਦੇ ਹਨ ਕਿ ਹੇ ਸਾਡੇ ਰੱਬ ਜੀਓ ! ਕਿ ਉਹਨਾਂ ਵਿਚ ਇਕ ਅਮਕਾ ਮਨੁੱਖ ਭੈੜੇ ਕੰਮ ਵਾਲਾ ਵੀ ਸੀ, ਉਹ ਉਥੋਂ ਦੀ ਲੰਘ ਰਿਹਾ ਸੀ ਅਤੇ ਓਹਨਾਂ ਨੂੰ ਸਿਮਰਨ ਕਰਦਿਆਂ ਵੇਖ ਕੇ ਵਿਖਾਵੇ ਵਜੋਂ ਉਹਨਾਂ ਵਿਚ ਬਹਿ ਗਿਆ, ਇਸ ਤੇ ਅਲੱਾਹ ਫ਼ਰਮਾਉਂਦਾ ਹੈ ਕਿ ਮੈਂ ਉਹਨੂੰ ਵੀ ਬਖਸ਼ ਦਿੱਤਾ। ਕਿਉਂ ਜੁ ਏਹ ਅਜਿਹੇ ਲੋਕ ਹਨ ਕਿ ਇਹਨਾਂ ਕੋਲ ਬੈਠਣ ਵਾਲਾ ਵੀ ਖਾਲੀ ਹੱਥ ਨਹੀਂ ਜਾਂਦਾ ਅਤੇ ਨਾ ਹੀ ਉਹ ਭੈੜੇ ਨਸੀਬੇ ਵਾਲਾ ਹੁੰਦਾ ਹੈ।

(ਮੁਸਲਿਮ ਸ਼ਰੀਫ਼ ਭਾਗ 2 ਪੰਨਾ 228)

# 5. ਅਲੱਾਹ ਨਾਲ ਪਿਆਰ

ਹਜ਼ਰਤ ਅਬੂ ਦਰਦਾ ਰਜ਼ੀ-ਅਲੱਾਹ ਅਨਹੁ ਕਹਿੰਦੇ ਹਨ ਕਿ ਆਂਹਜ਼ਰਤ ਸਲ-ਲੱਲਾਹੁ ਅਲੈਹਿ ਵਸੱਲਮ ਨੇ ਫ਼ਰਮਾਇਆ ਕਿ ਹਜ਼ਰਤ ਦਾਊਦ ਅਲੈ ਹਿਸ-ਸਲਾਮ ਇਸ ਪ੍ਰਕਾਰ ਦੁਆ (ਅਰਦਾਸ) ਮੰਗਿਆ ਕਰਦੇ ਸਨ, ਹੇ ਮੇਰੇ ਅਲੱਾਹ ! ਮੈਂ ਤੈਥੋਂ ਤੇਰੀ ਮੁਹਬੱਤ ਮੰਗਦਾ ਹਾਂ ਅਤੇ ਓਹਨਾਂ ਲੋਕਾਂ ਦੀ ਮੁਹੱਬਤ ਜਿਹੜੇ ਤੇਰੇ ਨਾਲ ਪਿਆਰ ਕਰਦੇ ਹਨ ਤੇ ਅਜਿਹੇ ਕੰਮ ਕਰਨ ਦੀ ਰੁਚੀ (ਵੀ ਮੰਗਦਾ ਹਾਂ), ਜਿਹੜੇ ਤੇਰੀ ਮੁਹੱਬਤ ਦਾ ਕਾਰਨ ਬਣ ਸਕਦੇ ਹਨ। ਹੇ ਮੇਰੇ ਪਾਲਨਹਾਰ ਤੇ ਸਾਜਨਹਾਰ ! ਤੂੰ ਅਜਿਹਾ ਕਰ ਕਿ ਮੈਨੂੰ ਤੇਰੀ ਮੁਹੱਬਤ ਆਪਣੀ ਜਾਨ, ਆਪਣੀ ਪਤਨੀ ਤੇ ਆਪਣੇ ਧੀਆਂ ਪੁੱਤਾਂ ਅਤੇ ਠੰਡੇ ਤੇ ਮਿੱਠੇ ਪਾਣੀ ਨਾਲੋਂ ਵੀ ਚੰਗੀ ਤੇ ਪਿਆਰੀ ਲੱਗੇ।

(ਤਿਰਮਿਜ਼ੀ ਸ਼ਰੀਫ਼ ਭਾਗ 2 ਪੰਨਾ 187)

ਹਜ਼ਰਤ ਅਨਸ ਰਜ਼ੀਅੱਲਾਹੁ ਅਨਹੁ ਵਰਨਣ ਕਰਦੇ ਹਨ ਕਿ ਆਂਹਜ਼ਰਤ ਸਲ-ਲੱਲਾਹੁ ਅਲੈਹਿ ਵਸੱਲਮ ਨੇ ਫ਼ਰਮਾਇਆ ਕਿ ਜਿਹਦੇ ਵਿਚ ਤਿੰਨ ਗੱਲਾਂ ਹੋਣ, ਉਹ ਈਮਾਨ ਦੀ ਮਿਠਾਸ ਨੂੰ ਅਨੁਭਵ ਕਰ ਲਏਗਾ । ਪਹਿਲੀ ਇਹ ਕਿ ਅੱਲਾਹ ਤੇ ਉਹਦਾ ਰਸੂਲ ਉਹਨੂੰ ਬਾਕੀ ਸਾਰੀਆਂ ਚੀਜ਼ਾਂ ਨਾਲੋਂ ਪਿਆਰੇ ਹੋਣ । ਦੂਜੀ ਇਹ ਕਿ ਉਹ ਕੇਵਲ ਅੱਲਾਹ ਦੀ ਖ਼ਾਤਰ ਕਿਸੇ ਨਾਲ ਮੁਹੱਬਤ ਕਰੇ । ਤੀਜੀ ਇਹ ਕਿ ਉਹ ਅੱਲਾਹ ਦੀ ਸਹਾਇਤਾ ਸਦਕਾ ਕੁਫ਼ਰ ਦੀ ਅਵਸਥਾ ਵਿਚੋਂ ਨਿਕਲ ਆਉਣ ਮਗਰੋਂ, ਫੇਰ ਕੁਫ਼ਰ ਦੀ ਹਾਲਤ ਵਿਚ ਮੁੜ ਜਾਣ ਨੂੰ ਐਨਾ ਭੈੜਾ ਸਮਝੇ ਜਿੰਨਾ ਕਿ ਉਹ ਅੱਗ ਵਿਚ ਸੁੱਟੇ ਜਾਣ ਨੂੰ ਭੈੜਾ ਸਮਝਦਾ ਹੈ ।

(ਬੁਖ਼ਾਰੀ ਸ਼ਰੀਫ਼ ਪੰਨਾ 7)

ਹਜ਼ਰਤ ਅਬੂਹੁਰੈਰਾ ਰਜ਼ੀਅੱਲਾਹ ਅਨਹੁ ਬਿਆਨ ਕਰਦੇ ਹਨ ਕਿ ਆਂਹਜ਼ਰਤ ਸਲ-ਲੱਲਾਹੁ ਅਲੈਹਿ ਵਸੱਲਮ ਨੇ ਫ਼ਰਮਾਇਆ ਕਿ ਜੇਕਰ ਇਕ ਮੋਮਨ (ਮੁਸਲਮਾਨ ਸ਼ਰਧਾਲੂ) ਨੂੰ ਅੱਲਾਹ ਦੀ ਪਕੜ ਤੇ ਦੰਡ ਦਾ ਪਤਾ ਲਗ ਜਾਏ ਕਿ ਉਹ ਕਿੰਨੀ ਕਰੜੀ ਤੇ ਸਖ਼ਤ ਹੈ, ਤਾਂ ਉਹ ਜੱਨਤ ਦੀ ਆਸ ਹੀ ਨਾ ਰੱਖੇ ਅਤੇ ਇਹੀ ਸਮਝ ਲਵੇ ਕਿ ਏਸ ਪਕੜ ਤੇ ਸਜ਼ਾ ਤੋਂ ਬਚਣਾ ਅਸੰਭਵ ਹੈ । ਇਸੇ ਤਰ੍ਹਾਂ ਜੇਕਰ ਇਕ ਕਾਫ਼ਰ ਨੂੰ ਅੱਲਾਹ ਦੀ ਰਹਿਮਤ ਦੇ ਭੰਡਾਰ ਦਾ ਪਤਾ ਲਗ ਜਾਏ, ਤਾਂ ਉਹ ਉਹਦੀ ਜੱਨਤ ਤੋਂ ਨਿਰਾਸ਼ ਨਾ ਹੋਵੇ ਅਤੇ ਉਹਨੂੰ ਵਿਸ਼ਵਾਸ ਆ ਜਾਏ ਕਿ ਉਹਦੀ ਐਨੀ ਵੱਡੀ ਰਹਿਮਤ ਤੋਂ ਭਲਾ ਕੌਣ ਅਭਾਗਾ ਖ਼ਾਲੀ ਰਹਿ ਸਕਦਾ ਹੈ ।

(ਮੁਸਲਿਮ ਸ਼ਰੀਫ਼ ਪੰਨਾ 251 ਅਤੇ ਤਿਰਮਿਜ਼ੀ ਸ਼ਰੀਫ਼ ਪੰਨਾ 193)

ਹਜ਼ਰਤ ਵਾਸਲਾ ਰਜ਼ੀਅੱਲਾਹ ਅਨਹੁ ਕਹਿੰਦੇ ਹਨ ਕਿ ਆਂਹਜ਼ਰਤ ਸਲਲੱਲਾਹੁ ਅਲੈਹਿ ਵਸੱਲਮ ਨੇ ਫ਼ਰਮਾਇਆ ਕਿ ਅੱਲਾਹ ਫ਼ਰਮਾਉਂਦਾ ਹੈ ਕਿ ਮੈਂ ਆਪਣੇ ਬੰਦੇ ਦੇ ਵਿਸ਼ਵਾਸ ਅਨੁਸਾਰ ਉਹਦੇ ਉੱਤੇ ਆਪਣੇ ਆਪ ਨੂੰ ਪ੍ਰਗਟ ਕਰਦਾ ਹਾਂ, ਸੋ ਜਿਹੋ ਜਿਹਾ ਉਹ ਮੇਰੇ ਬਾਰੇ ਯਕੀਨ ਕਰਦਾ ਹੈ, ਮੈਂ ਉਹੋ ਜਿਹਾ ਉਹਦੇ ਨਾਲ ਵਰਤਾਉ ਕਰਦਾ ਹਾਂ ।

(ਬੁਖ਼ਾਰੀ ਸ਼ਰੀਫ਼ ਭਾਗ 2 ਪੰਨਾ 1101)

ਹਜ਼ਰਤ ਅਬੂ ਹੁਰੈਰਾ ਰਜ਼ੀਅੱਲਾਹ ਅਨਹੁ ਬਿਆਨ ਕਰਦੇ ਹਨ ਕਿ ਆਂਹਜ਼ਰਤ ਸਲ-ਲੱਲਾਹੁ ਅਲੈਹਿ ਵਸਲੱਮ ਨੇ ਦੱਸਿਆ ਕਿ ਅੱਲਾਹ ਫ਼ਰਮਾਉਂਦਾ ਹੈ ਕਿ "ਮੈਂ ਆਪਣੇ ਬੰਦੇ ਨਾਲ ਉਹਦੇ ਵਿਸ਼ਵਾਸ ਅਨੁਸਾਰ ਸਲੂਕ (ਵਰਤਾਉ) ਕਰਦਾ ਹਾਂ, ਜਿਹੜਾ ਕਿ ਉਹ ਮੇਰੇ ਤੇ ਰੱਖਦਾ ਹੈ, ਜਿੱਥੇ ਵੀ ਉਹ ਮੇਰਾ ਜ਼ਿਕਰ (ਯਾਦ) ਕਰਦਾ ਹੈ, ਮੈਂ ਉੱਥੇ ਹੀ ਉਹਦੇ ਅੰਗ-ਸੰਗ ਹੁੰਦਾ ਹਾਂ, ਖ਼ੁਦਾ ਦੀ ਕਸਮ ! ਕਿ ਖ਼ੁਦਾ ਆਪਣੇ ਬੰਦੇ ਦੀ ਰੁਚੀ ਆਪਣੇ ਵਲ ਫਿਰਦੀ ਵੇਖ ਕੇ ਇੰਨਾ ਪਰਸੰਨ ਹੁੰਦਾ ਹੈ, ਜਿੰਨਾ ਕਿ ਉਹ ਇਨਸਾਨ ਵੀ ਨਹੀਂ ਹੁੰਦਾ, ਜਿਹਨੂੰ ਸੰਘਣੇ ਜੰਗਲ ਵਿਚ ਆਪਣੀ ਗੁਆਚੀ ਹੋਈ ਊਠਣੀ ਮਿਲ ਜਾਵੇ ।" ਅੱਲਾਹ ਫ਼ਰਮਾਉਂਦਾ ਹੈ ਕਿ ਜਿਹੜਾ ਮੇਰਾ ਬੰਦਾ ਮੇਰੇ ਵੱਲ ਇਕ ਗਿਠ ਭਰ ਆਉਂਦਾ ਹੈ, ਮੈਂ ਉਹਦੇ ਵੱਲ ਇਕ ਗਜ਼ ਭਰ ਆਉਂਦਾ ਹਾਂ, ਜੇਕਰ ਉਹ ਮੇਰੇ ਵਲ ਹੱਥ ਭਰ ਆਉਂਦਾ ਹੈ,

ਤਾਂ ਮੈਂ ਉਹਦੇ ਵਲ ਦੋ ਹੱਥ ਆਉਂਦਾ ਹਾਂ, ਜਦ ਉਹ ਮੇਰੇ ਵਲ ਚਲ ਕੇ ਆਉਂਦਾ ਹੈ, ਤਾਂ ਮੈਂ ਉਹਦੇ ਵਲ ਨਠ ਕੇ ਆਉਂਦਾ ਹਾਂ।

(ਮੁਸਲਿਮ ਸ਼ਰੀਫ਼ ਭਾਗ 2 ਪੰਨਾ 247)

ਹਜ਼ਰਤ ਅਬੂ ਹੁਰੈਰਾ ਰਜ਼ੀਅਲੱਾਹ ਅਨਹੁ ਵਰਨਣ ਕਰਦੇ ਹਨ ਕਿ ਆਂਹਜ਼ਰਤ ਸਲਲੱਲਾਹੁ ਅਲੈਹਿ ਵਸੱਲਮ ਨੇ ਫ਼ਰਮਾਇਆ ਕਿ ਇਕ ਇਨਸਾਨ ਨੇ ਆਪਣੇ ਉੱਪਰ ਬਹੁਤ ਜ਼ੁਲਮ ਕੀਤੇ, ਤੇ ਬਹੁਤ ਪਾਪ ਕੀਤੇ, ਜਦ ਉਹ ਮਰਨ ਲੱਗਾ ਤਾਂ ਉਹਨੇ ਆਪਣੇ ਪੁੱਤਰਾਂ ਨੂੰ ਵਸੀਅਤ ਕੀਤੀ ਕਿ ਜਦ ਮੈਂ ਮਰ ਜਾਵਾਂ, ਤਾਂ ਮੈਨੂੰ ਸਾੜ ਦੇਣਾ, ਫੇਰ ਮੇਰੇ ਸੜੇ ਸਰੀਰ ਨੂੰ ਬਰੀਕ ਪੀਹ ਕੇ, ਉਹਦੀ ਸੁਆਹ ਨੂੰ ਸਮੁੰਦਰ ਦੇ ਵਾਤਾਵਰਨ ਦੀ ਹਵਾ ਵਿਚ ਉੜਾ ਦੇਣਾ, ਖ਼ੁਦਾ ਦੀ ਕਸਮ ! ਮੈਨੂੰ ਇਹ ਡਰ ਹੈ ਕਿ ਜੇਕਰ ਮੈਂ ਖ਼ੁਦਾ ਦੇ ਹੱਥ ਆ ਗਿਆ, ਤਾਂ ਉਹ ਮੇਰੇ ਪਾਪਾਂ ਕਾਰਨ ਮੈਨੂੰ ਅਜਿਹਾ ਦੰਡ ਦੇਵੇਗਾ, ਜਿਹਦੀ ਉਦਾਹਰਣ (ਮਿਸਾਲ) ਨਹੀਂ ਮਿਲ ਸਕੇਗੀ। ਹਜ਼ੂਰ ਨੇ ਫ਼ਰਮਾਇਆ ਸੋ ਉਹਦੇ ਪੁੱਤਰਾਂ ਨੇ ਉਹਦੀ ਵਸੀਅਤ ਅਨੁਸਾਰ ਹੀ ਕੀਤਾ, ਪਰ ਖ਼ੁਦਾ ਨੇ ਧਰਤੀ ਨੂੰ ਹੁਕਮ ਦਿੱਤਾ ਕਿ ਜਿੱਥੇ ਜਿੱਥੇ ਉਸ ਇਨਸਾਨ ਦੀ ਸਵਾਹ ਦੇ ਕਿਣਕੇ ਡਿੱਗੇ ਹਨ ਉਹ ਸਾਰੇ ਵਾਪਸ ਕਰ ਦਿਓ। ਸੋ ਉਹ ਇਨਸਾਨ ਆਪਣੇ ਪੂਰੇ ਸਰੀਰ ਨਾਲ ਡਰਦਾ ਡਰਦਾ ਆਪਣੇ ਖ਼ੁਦਾ ਦੀ ਹਜ਼ੂਰੀ ਵਿਚ ਆ ਹਾਜ਼ਰ ਹੋਇਆ। ਖ਼ੁਦਾ ਨੇ ਉਹਨੂੰ ਪੁੱਛਿਆ ਕਿ ਤੂੰ ਅਜਿਹਾ ਕਿਉਂ ਕੀਤਾ, ਉਸਨੇ ਉੱਤਰ ਵਿਚ ਆਖਿਆ ਕਿ ਹੇ ਖ਼ੁਦਾ ! ਤੇਰੇ ਡਰ ਨੇ ਮੈਨੂੰ ਅਜਿਹਾ ਕਰਨ ਤੇ ਮਜਬੂਰ ਕੀਤਾ। ਖ਼ੁਦਾ ਨੂੰ ਉਹਦੀ ਇਹ ਅਦਾ (ਕਥਨ) ਤੇ ਸ਼ਰਮਿੰਦਗੀ ਦਾ ਖਿਆਲ ਬਹੁਤ ਪਸੰਦ ਆਇਆ ਅਤੇ ਉਹਨੂੰ ਬਖਸ਼ ਦਿੱਤਾ।

(ਬੁਖ਼ਾਰੀ ਸ਼ਰੀਫ਼ ਭਾਗ 2 ਪੰਨਾ 1118, ਭਾਗ। ਪੰਨਾ 495, ਇਬਨਿ ਮਾਜਾ ਭਾਗ 2 ਪੰਨਾ 314, ਮੁਸਨਦ ਅਹਿਮਦ ਭਾਗ 2 ਪੰਨਾ 269)

# 6. ਪਵਿੱਤਰ ਕੁਰਆਨ

ਹਜ਼ਰਤ ਉਸਮਾਨ ਬਿਨ (ਸਪੁੱਤਰ) ਅਰਕਮ ਰਜ਼ੀਅਲੱਾਹ ਅਨਹੁ ਵਰਨਣ ਕਰਦੇ ਹਨ ਕਿ ਆਂਹਜ਼ਰਤ ਸਲ-ਲੱਲਾਹੁ ਅਲੈਹਿ ਵਸੱਲਮ ਨੇ ਫ਼ਰਮਾਇਆ ਕਿ ਤੁਹਾਡੇ ਵਿਚੋਂ ਸਭ ਤੋਂ ਚੰਗਾ ਇਨਸਾਨ ਉਹ ਹੈ, ਜਿਹੜਾ ਆਪ ਵੀ ਕੁਰਆਨ ਮਜੀਦ ਸਿੱਖੇ ਤੇ ਦੂਜਿਆਂ ਨੂੰ ਵੀ ਸਿਖਾਏ।

(ਬੁਖ਼ਾਰੀ ਸ਼ਰੀਫ਼ ਭਾਗ 2 ਪੰਨਾ 752)

ਹਜ਼ਰਤ ਇਬਨਿ ਅੱਬਾਸ (ਅੱਬਾਸ ਦੇ ਪੁੱਤਰ) ਰਜ਼ੀਅਲੱਾਹ-ਅਨਹੁ ਵਰਨਣ ਕਰਦੇ ਹਨ ਕਿ ਆਂਹਜ਼ਰਤ ਸਲ-ਲੱਲਾਹੁ ਅਲੈਹਿ ਵਸੱਲਮ ਨੇ ਫ਼ਰਮਾਇਆ ਕਿ ਜਿਹਨੂੰ ਕੁਰਆਨ ਮਜੀਦ ਦਾ ਕੋਈ ਨਿੱਕਾ ਜਿਹਾ ਹਿੱਸਾ ਵੀ ਮੂੰਹ-ਜ਼ਬਾਨੀ ਯਾਦ ਨਹੀਂ ਉਹ ਇਕ ਉਜੜੇ ਘਰ ਵਾਂਗ ਹੈ। (ਤਿਰਮਿਜ਼ੀ ਸ਼ਰੀਫ਼ ਭਾਗ 2 ਪੰਨਾ 115)

ਹਜ਼ਰਤ ਜ਼ੈਦ ਬਿਨ (ਸਪੁੱਤਰ) ਅਰਕਮ ਰਜ਼ੀ ਅਲੱਾਹ ਅਨਹੁ ਵਰਨਣ ਕਰਦੇ ਹਨ ਕਿ ਆਂਹਜ਼ਰਤ ਸਲ-ਲੱਲਾਹੁ ਅਲੈਹਿ ਵਸੱਲਮ ਇਕ ਦਿਨ ਇਕ ਭਾਸ਼ਨ ਦੇਣ ਲਈ ਸਾਡੇ ਵਿਚ ਖੜੇ ਹੋਏ, ਆਪ ਨੇ ਅਲੱਾਹ ਦੀ ਉਸਤਤੀ ਤੇ ਬਜ਼ੁਰਗੀ ਬਿਆਨ ਕੀਤੀ ਤੇ ਨਸੀਹਤ ਫ਼ਰਮਾਈ ਕਿ ਹੇ ਲੋਕੋ ! ਮੈਂ ਵੀ ਇਕ ਇਨਸਾਨ ਹਾਂ, ਹੋ ਸਕਦਾ ਹੈ ਕਿ ਅਲੱਾਹ ਵਲੋਂ ਬੁਲਾਉਣ ਵਾਲਾ ਆ ਜਾਏ ਅਤੇ ਮੈਂ ਉਹਦੇ ਕਹਿਣ ਤੇ ਏਸ ਦੁਨੀਆਂ ਤੋਂ ਰੁਖ਼ਸਤ ਹੋ ਜਾਵਾਂ। ਮੈਂ ਆਪਣੇ ਪਿੱਛੇ ਤੁਹਾਡੇ ਵਿਚ ਦੋ ਗੱਲਾਂ ਛੱਡ ਕੇ ਜਾ ਰਿਹਾ ਹਾਂ, ਪਹਿਲੀ ਤਾਂ ਅਲੱਾਹ ਦੀ ਪੁਸਤਕ (ਕੁਰਆਨ ਮਜੀਦ) ਹੈ, ਜਿਹਦੇ ਵਿਚ ਹਦਾਇਤ ਤੇ ਨੂਰ ਹੈ, ਅਲੱਾਹ ਦੀ ਪੁਸਤਕ (ਕੁਰਆਨ ਮਜੀਦ) ਨੂੰ ਕਰੜਾਈ ਨਾਲ ਫੜੀ ਰਖਣਾ ਅਤੇ ਉਸ (ਦੀ ਸਿੱਖਿਆ) ਅਨੁਸਾਰ ਕਰਮ (ਜੀਵਨ ਬਤੀਤ) ਕਰਨਾ। ਗੱਲ ਕੀ ਕੁਰਆਨ ਮਜੀਦ ਦੀ ਸਿੱਖਿਆ ਅਨੁਸਾਰ ਕਰਮ ਕਰਨ (ਅਰਥਾਤ ਚਲਨ) ਦੀ ਤਾਕੀਦ ਕੀਤੀ ਅਤੇ ਫ਼ਰਮਾਇਆ, ਦੂਜੀ ਚੀਜ਼ ਜਿਹੜੀ ਮੈਂ ਤੁਹਾਡੇ ਵਿਚ ਛੱਡ ਰਿਹਾ ਹਾਂ, ਉਹ ਮੇਰੇ ਅਹਿਲਿ ਬੈਤ ਹਨ (ਮੇਰਾ ਆਪਣਾ ਖ਼ਾਨਦਾਨ ਤੇ ਮੇਰੀ ਸੰਗਤ ਵਿਚ ਰਹਿ ਕੇ ਮੇਰਾ ਪ੍ਰਭਾਵ ਕਬੂਲ ਕਰਨ ਵਾਲੇ ਨੇਕ ਲੋਕ)। ਮੈਂ ਤੁਹਾਨੂੰ ਆਪਣੇ ਅਹਿਲਿ ਬੈਤ ਬਾਰੇ ਅਲੱਾਹ ਦੀ ਯਾਦ ਦਿਲਾਉਂਦਾ ਹਾਂ, (ਇਹ ਸ਼ਬਦ ਆਪ ਨੇ ਤਿੰਨ ਵਾਰ ਦੁਹਰਾਏ) ਮਤਲਬ ਇਹ ਸੀ ਕਿ ਅਲੱਾਹ ਦੀ ਰਜ਼ਾ ਪ੍ਰਾਪਤ ਕਰਨ ਲਈ ਇਹਨਾਂ ਨੇਕ ਲੋਕਾਂ ਦਾ ਸਤਿਕਾਰ ਕਰਨਾ ਤੇ ਉਹਨਾਂ ਦੇ ਨੇਕ ਨਮੂਨੇ ਨੂੰ ਇਖ਼ਤਿਆਰ ਕਰਨਾ ਅਤੇ ਉਹਨਾਂ ਨੂੰ ਆਗੂ ਬਨਾਉਣਾ।

(ਮੁਸਲਿਮ ਸ਼ਰੀਫ਼ ਭਾਗ 2 ਪੰਨਾ 110)

# 7. ਹਜ਼ਰਤ ਮੁਹੰਮਦ ਸੱਲੱਮ ਦੇ ਉੱਚ ਆਚਰਨ

ਹਜ਼ਰਤ ਅਬਦੁੱਲਾ ਬਿਨ ਅਬੀ ਔਜ਼ਾ ਰਜ਼ੀ ਅਲੱਾਹ ਅਨਹੁ ਵਰਨਣ ਕਰਦੇ ਹਨ ਕਿ ਆਂਹਜ਼ਰਤ ਸਲ-ਲੱਲਾਹੁ ਅਲੈਹਿਵਸੱਲਮ ਵਿਚ ਹੰਕਾਰ ਨਾਮ ਮਾਤਰ ਨੂੰ ਵੀ ਨਹੀਂ ਸੀ, ਆਪ ਨਾ ਤਾਂ ਕਦੇ ਨੱਕ ਚੜ੍ਹਾਉਂਦੇ ਅਤੇ ਨਾ ਗਰੀਬਾਂ, ਮਸਕੀਨਾਂ ਤੇ ਵਿਧਵਾਵਾਂ ਨਾਲ ਚਲਣ ਨੂੰ ਬੁਰਾ ਮਨਾਉਂਦੇ, (ਹਜ਼ੂਰ) ਉਹਨਾਂ ਦਾ ਕੰਮ ਕਰਨ ਅਤੇ ਸਹਾਇਤਾ ਕਰਨ ਤੇ ਬੇ-ਆਸਰਾ ਔਰਤਾਂ, ਗਰੀਬਾਂ ਅਤੇ ਨਿਤਾਣਿਆਂ ਦੀ ਮਦਦ ਕਰਨ ਲਈ ਕਮਰ ਕੱਸੀ ਰੱਖਦੇ, ਸਗੋਂ ਇਹਨਾਂ ਕੰਮਾਂ ਨੂੰ ਕਰਨ ਵਿਚ ਖ਼ੁਸ਼ੀ ਅਨੁਭਵ ਕਰਦੇ ਸਨ।

(ਮੁਸਨਦ ਦਾਰਮੀ)

ਹਜ਼ਰਤ ਆਇਸ਼ਾ ਰਜ਼ੀਅਲੱਾਹ ਅਨਹਾ ਵਰਨਣ ਕਰਦੇ ਹਨ ਕਿ ਆਂਹਜ਼ਰਤ ਸਲ-ਲਲੱਾਹੁ ਅਲੈਹਿ ਵਸੱਲਮ ਨੇ ਕਦੇ ਵੀ ਕਿਸੇ ਨੂੰ ਨਾ ਮਾਰਿਆ, ਨਾ ਔਰਤ ਨੂੰ ਤੇ ਨਾ ਹੀ ਕਿਸੇ ਸੇਵਕ ਨੂੰ। ਹਾਂ, ਅਲੱਾਹ ਦੀ ਰਾਹ ਵਿਚ ਆਪ ਜੀ ਨੇ ਮਹਾਨ ਜੋਧਿਆਂ ਵਾਂਗ ਜਿਹਾਦ (ਧਾਰਮਕ ਲੜਾਈਆਂ) ਕੀਤਾ। ਆਪ ਨੂੰ ਜਦ ਵੀ ਕਿਸੇ ਨੇ ਕੋਈ ਕਸ਼ਟ

ਪਹੁੰਚਾਇਆ ਤਾਂ ਆਪ ਨੇ ਕਦੇ ਵੀ ਉਹਦੇ ਤੋਂ ਬਦਲਾ ਨਹੀਂ ਲਿਆ । ਹਾਂ, ਜੇਕਰ ਅੱਲਾਹ ਦੇ ਸਤਿਕਾਰ ਵਾਲੀ ਥਾਂ ਦਾ ਨਿਰਾਦਰ ਕੀਤਾ ਗਿਆ, ਤਾਂ ਉਸ ਦਾ ਪ੍ਰਮਾਤਮਾ ਦੀ ਖ਼ਾਤਰ ਆਪਨੇ ਬਦਲਾ ਲਿਆ ।

(ਮੁਸਲਿਮ ਸ਼ਰੀਫ਼ ਭਾਗ 2 ਪੰਨਾ 4)

ਹਜ਼ਰਤ ਸਈਦ ਖ਼ਿਜ਼ਰੀ ਰਜ਼ੀਅੱਲਾਹ ਅਨਹੁ ਬਿਆਨ ਕਰਦੇ ਹਨ ਕਿ ਆਂਹਜ਼ਰਤ ਸਲ-ਲੱਲਾਹੁ ਅਲੈਹਿ ਵਸੱਲਮ ਦਾ ਜੀਵਨ ਅਤਿ ਸਾਦਾ ਸੀ, ਆਪ ਕਿਸੇ ਕੰਮ ਨੂੰ ਬੁਰਾ ਨਹੀਂ ਸਨ ਸਮਝਦੇ, ਆਪਣੇ ਊਠ ਨੂੰ ਆਪ ਪੱਠੇ ਪਾ ਲੈਂਦੇ, ਘਰ ਦੇ ਕੰਮ-ਕਾਜ ਕਰ ਲੈਂਦੇ, ਆਪਣੀਆਂ ਜੁੱਤੀਆਂ ਨੂੰ ਆਪ ਗੰਢ ਲੈਂਦੇ, ਆਪਣੇ ਕਪੜਿਆਂ ਨੂੰ ਸੀ ਲੈਂਦੇ, ਬਕਰੀ ਦਾ ਦੁਧ ਚੋ ਲੈਂਦੇ, ਸੇਵਾਦਾਰ (ਨੌਕਰ) ਨੂੰ ਆਪਣੇ ਨਾਲ ਬਿਠਾ ਕੇ ਖਾਣਾ ਖਵਾਲਦੇ, ਆਟਾ ਪੀਂਹਦੇ ਪੀਂਹਦੇ ਜੇਕਰ ਉਹ ਥਕ ਜਾਂਦਾ ਤਾਂ ਉਹਦੀ ਸਹਾਇਤਾ ਕਰਦੇ, ਬਜ਼ਾਰੋਂ ਘਰ ਦਾ ਸੌਦਾ ਚੁਕ ਕੇ ਲਿਆਉਣ ਵਿਚ ਸ਼ਰਮ ਅਨੁਭਵ ਨਾ ਕਰਦੇ । ਗ਼ਰੀਬ, ਅਮੀਰ ਨਾਲ ਹਥ ਮਿਲਾਉਣ ਵਿਚ ਪਹਿਲ ਕਰਦੇ, ਜੇਕਰ ਕੋਈ ਨਿਰਧਨ ਇਕ ਖਜੂਰ ਦੀ ਵੀ ਦਾਅਵਤ ਕਰਦਾ ਤਾਂ ਉਸ ਨੂੰ ਤੁਛ ਨਾ ਸਮਝਦੇ ਤੇ ਸਵੀਕਾਰ ਕਰਦੇ, ਆਪ ਅਤਿ ਨਰਮ ਹਿਰਦਾ ਰਖਣ ਵਾਲੇ, ਹਮਦਰਦੀ ਤੇ ਨਿਮਰਤਾ ਵਾਲਾ ਸੁਭਾ ਰਖਦੇ ਸਨ । ਆਪ ਦਾ ਰਹਿਨ-ਸਹਿਨ ਬਹੁਤ ਸਾਫ਼-ਸੁਥਰਾ ਸੀ, ਹਰ ਇਕ ਨਾਲ ਖਿੜੇ ਮਥੇ ਤੇ ਮੁਸਕਰਾਉਂਦੇ ਹੋਏ ਪੇਸ਼ ਆਉਂਦੇ, ਮੁਸਕਰਾਹਟ ਆਪ ਦੇ ਮੁਖ ਤੇ ਹਰ ਸਮੇਂ ਝਲਕਦੀ ਰਹਿੰਦੀ । ਆਪ ਜ਼ੋਰ ਨਾਲ ਕਹਿਕਹਾ ਮਾਰ ਕੇ ਕਦੇ ਨਾ ਹਸਦੇ । ਖ਼ੁਦਾ ਦੇ ਖ਼ੌਫ (ਡਰ) ਦੀ ਚਿੰਤਾ ਲੱਗੀ ਰਹਿੰਦੀ ਅਤੇ ਚਿੜ-ਚਿੜਾਪਨ ਜਾਂ ਖ਼ੁਸ਼ਕ ਸੁਭਾ ਆਪ ਵਿਚ ਨਾਂ ਮਾਤਰ ਨੂੰ ਵੀ ਨਹੀਂ ਸੀ । ਆਪ ਅਤਿ ਨਿਮਰਤਾ ਵਾਲਾ ਸੁਭਾ ਰਖਦੇ ਸਨ, ਪਰ ਕਿਸੇ ਪ੍ਰਕਾਰ ਦੀ ਕਮਜ਼ੋਰੀ ਜਾਂ ਕਮ-ਹਿੰਮਤੀ ਦਾ ਆਪ ਵਿਚ ਨਾਂ ਨਿਸ਼ਾਨ ਨਹੀਂ ਸੀ । ਆਪ ਸਖ਼ੀ ਤਾਂ ਬਹੁਤ ਹੀ ਸਨ, ਪਰ ਫ਼ਜ਼ੂਲ ਖ਼ਰਚੀ ਤੋਂ ਬਚਣਾ ਆਪ ਦੇ ਸੁਭਾ ਦਾ ਇਕ ਵਿਸ਼ੇਸ਼ ਗੁਣ ਸੀ । ਆਪ ਦਾ ਹਿਰਦਾ ਅਤਿ ਨਰਮ ਤੇ ਰਹੀਮ-ਕਰੀਮ ਗੁਣ ਰਖਣ ਵਾਲਾ ਸੀ । ਆਪ ਹਰ ਮੁਸਲਮਾਨ ਨਾਲ ਬਹੁਤ ਮਿਹਰਬਾਨੀ ਨਾਲ ਪੇਸ਼ ਆਉਂਦੇ । ਆਪ ਇੱਨਾ ਢਿਡ ਭਰ ਕੇ ਨਾ ਖਾਂਦੇ ਕਿ ਜਿਹਦੇ ਨਾਲ ਉਬਾਸੀਆਂ ਆਉਣ । ਕਦੇ ਲਾਲਚ ਦੀ ਨੀਅਤ ਨਾਲ ਹੱਥ ਨਾ ਵਧਾਉਂਦੇ, ਸਗੋਂ ਥੋੜੇ ਤੇ ਹੀ ਸਬਰ-ਸ਼ੁਕਰ ਕਰਕੇ ਗੁਜ਼ਰ-ਬਸਰ ਕਰਦੇ ।

(ਮਿਸ਼ਕਾਤ ਸ਼ਰੀਫ਼ ਕਿਤਾਬੁਲ ਫ਼ਿਤਨ ਪੰਨਾ 519)

ਹਜ਼ਰਤ ਅਬੂ ਮੂਸਾ ਅਸ਼ਅਰੀ (ਮੂਸਾ ਦੇ ਪਿਤਾ) ਰਜ਼ੀਅੱਲਾਹ ਅਨਹੁ ਵਰਨਣ ਕਰਦੇ ਹਨ,ਕਿ ਇਕ ਵਾਰ ਹਜ਼ਰਤ ਆਇਸ਼ਾ ਰਜ਼ੀਅੱਲਾਹ ਅਨਹਾ ਨੇ ਸਾਨੂੰ ਆਂਹਜ਼ਰਤ ਸਲ-ਲੱਲਾਹੁ ਅਲੈਹਿ ਵਸੱਲਮ ਦੀ ਮੋਟੀ ਖੱਦਰ ਦੀ ਚਾਦਰ ਤੇ ਤਹਿਬੰਦ ਦਿਖਾਈ ਅਤੇ ਕਿਹਾ ਕਿ ਹਜ਼ੂਰ ਨੇ ਮਰਨ ਸਮੇਂ ਇਹ ਕਪੜੇ ਪਹਿਨ ਰੱਖੇ ਸਨ ।

(ਬੁਖਾਰੀ ਸ਼ਰੀਫ਼ ਭਾਗ 2 ਪੰਨਾ 865)

# 8. ਇਸਲਾਮ ਦੇ ਪੰਜ ਅੰਗ

ਹਜ਼ਰਤ ਇਬਨਿ ਉਮਰ (ਹਜ਼ਰਤ ਉਮਰ ਦੇ ਸਪੁੱਤਰ) ਰਜ਼ੀਅਲੱਾਹ ਅਨਹੁ ਵਰਨਣ ਕਰਦੇ ਹਨ ਕਿ ਆਂਹਜ਼ਰਤ ਸਲ-ਲੱਲਾਹੁ ਅਲੈਹਿ ਵਸੱਲਮ ਨੇ ਫ਼ਰਮਾਇਆ ਕਿ ਇਸਲਾਮ ਦੀ ਨੀਂਹ ਪੰਜਾਂ ਗੱਲਾਂ ਉੱਤੇ ਹੈ, ਇਕ ਇਹ ਗਵਾਹੀ ਦੇਣਾ ਕਿ ਅਲੱਾਹ ਤੋਂ ਬਿਨਾਂ ਕੋਈ ਹੋਰ ਇਸ਼ਟ ਨਹੀਂ ਹੈ ਅਤੇ ਮੁਹੰਮਦ (ਸਲਅਮ) ਅਲੱਾਹ ਦੇ ਰਸੂਲ ਹਨ, ਦੂਜੀ ਨਮਾਜ਼ ਪੜ੍ਹਨਾ, ਤੀਜੀ ਜ਼ਕਾਤ ਦੇਣਾ, ਚੌਥੀ ਬੈਤੁੱਲਾਹ (ਅਲੱਾਹ ਦੇ ਘਰ) ਦਾ ਹਜ ਕਰਨਾ, ਪੰਜਵੀਂ ਰੋਜ਼ੇ ਰੱਖਣਾ ।

(ਬੁਖ਼ਾਰੀ ਸ਼ਰੀਫ਼ ਭਾਗ 1 ਪੰਨਾ 6)

ਹਜ਼ਰਤ ਉਮਰ ਬਿਨ ਖ਼ਤਾਬ (ਖ਼ਤਾਬ ਦੇ ਸਪੁੱਤਰ) ਰਜ਼ੀਅਲੱਾਹ ਅਨਹੁ ਵਰਨਣ ਕਰਦੇ ਹਨ ਕਿ ਅਸੀਂ ਆਂਹਜ਼ਰਤ ਸਲ-ਲੱਲਾਹੁ ਅਲੈਹਿ ਵਸੱਲਮ ਦੀ ਹਜ਼ੂਰੀ ਵਿਚ ਬੈਠੇ ਹੋਏ ਸਾਂ ਕਿ ਆਪ ਕੋਲ ਇਕ ਮਨੁਖ ਆਇਆ, ਜਿਹਨੇ ਚਿੱਟੇ ਕਪੜੇ ਪਾਏ ਹੋਏ ਸਨ ਅਤੇ ਵਾਲਾਂ ਦਾ ਰੰਗ ਕਾਲਾ ਸੀ, ਨਾ ਤੇ ਉਹ ਮੁਸਾਫਰ ਹੀ ਲਗਦਾ ਸੀ, ਨਾ ਸਾਡੇ ਵਿਚੋਂ ਉਹਨੂੰ ਕੋਈ ਪਹਿਚਾਨਦਾ ਸੀ, ਉਹ ਆਇਆ ਤੇ ਆਂਹਜ਼ਰਤ ਦੇ ਗੋਡਿਆਂ ਨਾਲ ਗੋਡੇ ਜੋੜ ਕੇ ਅਤਿ ਸਤਿਕਾਰ ਨਾਲ ਬਹਿ ਗਿਆ ਅਤੇ ਅਰਜ਼ ਕੀਤੀ ਕਿ ਹੇ ਮੁਹੰਮਦ ! ਈਮਾਨ ਕੀਹਨੂੰ ਕਹਿੰਦੇ ਹਨ, ਆਪ ਨੇ ਫ਼ਰਮਾਇਆ ਕਿ ਈਮਾਨ ਇਹ ਹੈ ਕਿ ਅਲੱਾਹ, ਫ਼ਰਿਸ਼ਤਿਆਂ, ਆਕਾਸ਼ੀ ਪੁਸਤਕਾਂ ਤੇ ਰਸੂਲਾਂ ਉੱਤੇ ਈਮਾਨ ਲਿਆਏ । ਆਖ਼ਰਤ (ਪਰਲੋ) ਦੇ ਦਿਹਾੜੇ ਨੂੰ ਮੰਨੇ ਅਤੇ ਖ਼ੈਰੋ-ਸ਼ਰ (ਨੇਕੀ-ਬਦੀ) ਤੇ ਤਕਦੀਰ ਅਤੇ ਉਹਦੀਆਂ ਹੱਦਾਂ ਤੇ ਵਿਸ਼ਵਾਸ਼ ਰੱਖੇ ।

(ਤਿਰਮਿਜ਼ੀ ਕਿਤਾਬੁਲ ਈਮਾਨ ਭਾਗ 2 ਪੰਨਾ 85)

# 9. ਇਬਾਦਤ ਦੇ ਤਰੀਕੇ

ਹਜ਼ਰਤ ਉਸਮਾਨ ਇਬਨਿ ਅਫ਼ਾਨ (ਅਫ਼ਾਨ ਦੇ ਸਪੁੱਤਰ) ਰਜ਼ੀ ਅਲੱਾਹ ਅਨਹੁ ਕਹਿੰਦੇ ਹਨ ਕਿ ਆਪ ਨੇ ਇਕ ਵਾਰ ਪਾਣੀ ਮੰਗਵਾਇਆ ਤੇ ਦੋਹਾਂ ਹੱਥਾਂ ਨੂੰ ਗੁੱਟਾਂ ਸਣੇ ਤਿੰਨ ਵਾਰ ਧੋਤਾ, ਕੁਰਲੀ ਕੀਤੀ, ਨਕ ਸਾਫ਼ ਕੀਤਾ, ਫੇਰ ਆਪਣੇ ਮੂੰਹ ਤੇ ਕੁਹਨੀਆਂ ਨੂੰ ਤਿੰਨ ਵਾਰ ਧੋਤਾ, ਸਿਰ ਦਾ ਮਸਾਹ (ਹੱਥ ਗਿੱਲੇ ਕਰ ਕੇ ਸਿਰ, ਕੰਨਾਂ ਤੇ ਧੌਣ ਉੱਤੇ ਫੇਰਨੇ) ਕੀਤਾ, ਇਸ ਮਗਰੋਂ ਦੋਵੇਂ ਪੈਰ ਗਿੱਟਿਆਂ ਤੀਕ ਤਿੰਨ ਵਾਰ ਧੋਤੇ, ਇਸ ਉਪਰੰਤ ਫ਼ਰਮਾਇਆ ਕਿ ਆਂਹਜ਼ਰਤ ਸਲ-ਲੱਲਾਹੁ ਅਲੈਹਿ ਵਸਲੱਮ ਦਾ ਇਰਸ਼ਾਦ ਹੈ ਕਿ ਜਿਹੜਾ ਮਨੁੱਖ ਮੇਰੇ ਵਾਂਗ ਵਜ਼ੂ ਕਰੇਗਾ ਤੇ ਦੋ ਰਕਾਤਾਂ ਨਮਾਜ਼ ਪੜ੍ਹੇਗਾ ਅਤੇ ਹਿਰਦੇ ਵਿਚ ਕੋਈ ਸੰਸਾਰਕ ਵਿਚਾਰ ਉਤਪਨ ਨਾ ਹੋਣ ਦੇਏਗਾ ਤਾਂ ਉਹਦੇ ਕੀਤੇ ਪਿਛਲੇ ਪਾਪ ਬਖਸ਼ ਦਿੱਤੇ ਜਾਣਗੇ ।

(ਬੁਖ਼ਾਰੀ ਸ਼ਰੀਫ਼ ਕਿਤਾਬੁਲ ਵਜ਼ੂ ਭਾਗ 1 ਪੰਨਾ 27)

ਹਜ਼ਰਤ ਅਬੂ ਹੁਰੈਰਾ ਰਜ਼ੀਅਲੱਾਹ ਅਨਹੁ ਵਰਨਣ ਕਰਦੇ ਹਨ ਕਿ ਆਂਹਜ਼ਰਤ ਸਲ-ਲੱਲਾਹੁ ਅਲੈਹਿ ਵਸੱਲਮ ਨੇ ਫ਼ਰਮਾਇਆ, ਕੀ ਮੈਂ ਤੁਹਾਨੂੰ ਉਹ ਗੱਲ ਨਾ ਦੱਸਾਂ ? ਜਿਸ ਰਾਹੀਂ ਅਲੱਾਹ ਪਾਪ ਮਿਟਾ ਦਿੰਦਾ ਹੈ ਅਤੇ (ਆਤਮਕ) ਉਚਾਈਆਂ ਬਖ਼ਸ਼ਦਾ ਹੈ। ਸਹਾਬਾ (ਆਪ ਦੇ ਨਜ਼ਦੀਕੀ ਸੰਗੀ-ਸਾਥੀ) ਨੇ ਅਰਜ਼ ਕੀਤੀ ਕਿ ਹੇ ਅਲੱਾਹ ਦੇ ਰਸੂਲ ਜੀਓ ! ਜ਼ਰੂਰ ਦੱਸੋ । ਆਪ ਨੇ ਫ਼ਰਮਾਇਆ ਕਿ ਬਹੁਤ ਜ਼ਿਆਦਾ ਠੰਡ ਪੈਣ ਤੇ ਵੀ ਚੰਗੀ ਤਰ੍ਹਾਂ ਵੁਜ਼ੂ ਕਰਨਾ । ਮਸਜਿਦ ਵਿਚ ਦੂਰੋਂ ਵੀ ਚਲ ਕੇ ਆਉਣਾ ਤੇ ਇਕ ਨਮਾਜ਼ ਮਗਰੋਂ ਦੂਜੀ ਨਮਾਜ਼ ਦੀ ਉਡੀਕ ਵਿਚ ਰਹਿਣਾ । ਇਹ ਵੀ ਇਕ ਪ੍ਰਕਾਰ ਨਾਲ ਰਬਾਤ ਅਰਥਾਤ ਸਰਹੱਦ ਉੱਤੇ ਛਾਉਣੀ ਕਾਇਮ ਕਰਨ ਵਾਂਗ ਹੈ, ਆਪ ਨੇ ਇਹ ਗੱਲ ਦੋ ਵਾਰ ਫ਼ਰਮਾਈ ।

(ਮੁਸਲਿਮ ਸ਼ਰੀਫ਼ ਭਾਗ 1 ਪੰਨਾ 104)

ਹਜ਼ਰਤ ਆਇਸ਼ਾ ਰਜ਼ੀਅਲੱਾਹ ਅਨਹਾ ਬਿਆਨ ਕਰਦੇ ਹਨ ਕਿ ਆਂਹਜ਼ਰਤ ਸਲ-ਲੱਲਾਹੁ ਅਲੈਹਿ ਵਸੱਲਮ ਤਕਬੀਰ ਅਰਥਾਤ ਅਲੱਾਹੁ ਅਕਬਰ ਕਹਿ ਕੇ ਨਮਾਜ਼ ਆਰੰਭ ਕਰਦੇ, ਇਸ ਮਗਰੋਂ ਸੂਰਤ ਫ਼ਾਤਿਹਾ ਪੜ੍ਹਦੇ, ਜਦੋਂ ਰਕੂਅ ਕਰਦੇ ਤਾਂ ਸਿਰ ਨੂੰ ਉੱਪਰ ਨੂੰ ਚੁੱਕ ਕੇ ਰਖਦੇ, ਉੱਕਾ ਈ ਥੱਲੇ ਨੂੰ ਨਾ ਝੁਕਣ ਦਿੰਦੇ, ਸਗੋਂ ਪਿੱਠ ਦੀ ਬਰਾਬਰੀ ਤੇ ਰਖਦੇ । ਜਦੋਂ ਰਕੂਅ ਤੋਂ ਉਠਦੇ ਤਾਂ ਸਿੱਧੇ ਖਲੋ ਕੇ ਫੇਰ ਸੱਜਦੇ ਵਿਚ ਜਾਂਦੇ ਅਤੇ ਜਦੋਂ ਸਜਦੇ ਤੋਂ ਸਿਰ ਚੁਕਦੇ ਤਾਂ ਚੰਗੀ ਤਰ੍ਹਾਂ ਬੈਠਣ ਮਗਰੋਂ ਦੂਜਾ ਸੱਜਦਾ ਕਰਦੇ ਤੇ ਹਰ ਦੋਵਾਂ ਰਕਾਤਾਂ ਮਗਰੋਂ ਤਸ਼ਹ-ਹਦ ਲਈ ਬੈਠਦੇ ਆਪਣਾ ਸੱਜਾ ਪੈਰ ਖੜਾ ਰਖਦੇ ਤੇ ਖੱਬਾ ਪੈਰ ਵਿਛਾ ਲੈਂਦੇ, ਇਸ ਤਰ੍ਹਾਂ ਬਹਿ ਕੇ ਤਸ਼ਹ-ਹਦ ਪੜ੍ਹਦੇ ਅਤੇ ਸ਼ੈਤਾਨ ਵਾਂਗ ਬੈਠਣ ਅਰਥਾਤ ਅੱਡੀਆਂ ਉੱਤੇ ਬੈਠਣ ਤੋਂ ਮਨ੍ਹਾ ਕਰਦੇ ਤੇ ਸੱਜਦੇ ਵਿਚ ਬਾਹਵਾਂ ਨੂੰ ਧਰਤੀ ਨਾਲ ਲੰਮਿਆਂ ਪਾ ਕੇ ਵਿਛਾਉਣ ਤੋਂ ਵੀ ਰੋਕਦੇ, ਜਿਵੇਂ ਕਿ ਕੁੱਤਾ ਆਪਣੀਆਂ ਲੱਤਾਂ ਨੂੰ ਵਿਛਾ ਕੇ ਬਹਿੰਦਾ ਹੈ। ਅੰਤ ਵਿਚ ਆਪ ਅਸ-ਸਲਾਮੁ ਅਲੈਕੁਮ ਰਹ-ਮ ਤੁੱਲਾ ਕਹਿ ਕੇ ਨਮਾਜ਼ ਖ਼ਤਮ ਕਰਦੇ ।

(ਮੁਸਨਦੇ ਅਹਿਮਦ ਭਾਗ 6 ਪੰਨਾ 31)

ਹਜ਼ਰਤ ਅਬਦੁੱਲਾ ਇਬਨਿ ਸਊਦ ਰਜ਼ੀਅਲੱਾਹ ਅਨਹੁ ਵਰਨਣ ਕਰਦੇ ਹਨ ਕਿ ਮੈਂ ਆਂਹਜ਼ਰਤ ਸਲ-ਲੱਲਾਹੁ ਅਲੈਹਿ ਵਸੱਲਮ ਨੂੰ ਪੁੱਛਿਆ ਕਿ ਕਿਹੜਾ ਕੰਮ ਅਲੱਾਹ ਨੂੰ ਬਹੁਤਾ ਪਸੰਦ ਹੈ, ਆਪ ਨੇ ਫ਼ਰਮਾਇਆ ਕਿ ਵੇਲੇ ਸਿਰ ਨਮਾਜ਼ ਪੜ੍ਹਨਾ। ਮੈਂ ਫੇਰ ਅਰਜ਼ ਕੀਤੀ ਕਿ ਇਸ ਤੋਂ ਬਾਅਦ ਕਿਹੜਾ ? ਆਪਨੇ ਫ਼ਰਮਾਇਆ ਕਿ ਮਾਤਾ ਪਿਤਾ ਨਾਲ ਚੰਗਾ ਵਰਤਾਉ ਕਰਨਾ । ਮੈਂ ਅਰਜ਼ ਕੀਤੀ ਇਸ ਤੋਂ ਮਗਰੋਂ ਕਿਹੜਾ ? ਫ਼ਰਮਾਇਆ, ਅਲੱਾਹ ਦੀ ਰਾਹ ਵਿਚ ਜਿਹਾਦ ਕਰਨਾ ਅਰਥਾਤ ਇਸਲਾਮ ਦੇ ਫੈਲਾਉ (ਪ੍ਰਚਾਰ) ਲਈ ਯਤਨ ਕਰਨਾ ।

(ਬੁਖ਼ਾਰੀ ਸ਼ਰੀਫ਼ ਭਾਗ 1 ਪੰਨਾ 390)

ਹਜ਼ਰਤ ਅਮਰ ਬਿਨ (ਪੁੱਤਰ) ਸ਼ੁਐਬ ਰਜ਼ੀਅਲੱਾਹ ਅਨਹੁ ਆਪਣੇ ਪਿਤਾ ਦੁਆਰਾ ਆਪਣੇ ਦਾਦਾ ਦੀ ਇਹ ਗੱਲ ਵਰਨਣ ਕਰਦੇ ਹਨ ਕਿ ਹਜ਼ਰਤ ਮੁਹੰਮਦ ਸਲ-ਲੱਲਾਹੁ ਅਲੈਹਿ ਵਸੱਲਮ ਨੇ ਫ਼ਰਮਾਇਆ ਕਿ ਜਦੋਂ ਤੁਹਾਡੇ ਬੱਚੇ ਸੱਤ ਸਾਲ ਦੀ ਉਮਰ ਦੇ ਹੋ ਜਾਣ ਤਾਂ ਉਹਨਾਂ ਨੂੰ ਨਮਾਜ਼ ਪੜ੍ਹਨ ਦੀ ਤਾਕੀਦ ਕਰੋ ਅਤੇ ਜਦੋਂ ਉਹ ਦਸ ਸਾਲ ਦੇ ਹੋ ਜਾਣ ਤਾਂ ਨਮਾਜ਼ ਨਾ ਪੜ੍ਹਨ ਤੇ ਉਹਨਾਂ ਨਾਲ ਸਖ਼ਤੀ ਕਰੋ ਅਤੇ ਏਸ ਉਮਰ ਤਕ ਪਹੁੰਚਣ ਤੇ ਉਹਨਾਂ ਦੇ ਬਿਛੌਣੇ ਵੀ ਵਖਰੇ ਕਰ ਦਿਓ ਅਰਥਾਤ ਉਹ ਵੱਖਰੇ ਵੱਖਰੇ ਬਿਛੌਣਿਆਂ ਉੱਤੇ ਸੌਇਆਂ ਕਰਨ।

(ਅਬੂ ਦਾਊਦ ਭਾਗ 1 ਪੰਨਾ 70)

ਹਜ਼ਰਤ ਫ਼ਾਤਮਾ ਜ਼ੁਹਰਾ ਰਜ਼ੀਅਲੱਾਹ ਅਨਹਾ ਵਰਨਣ ਕਰਦੇ ਹਨ ਕਿ ਆਂਹਜ਼ਰਤ ਸਲ-ਲੱਲਾਹੁ ਅਲੈਹਿ ਵਸੱਲਮ ਜਦ ਮਸਜਿਦ ਵਿਚ ਪ੍ਰਵੇਸ਼ ਕਰਨ ਲਗਦੇ ਤਾਂ ਇਹ ਦੁਆ (ਅਰਦਾਸ) ਪੜ੍ਹਦੇ। ਅਲੱਾਹ ਦਾ ਨਾਂ ਲੈ ਕੇ (ਮੈਂ ਮਸਜਿਦ ਵਿਚ ਪ੍ਰਵੇਸ਼ ਕਰਦਾ ਹਾਂ) ਅਲੱਾਹ ਦੇ ਰਸੂਲ ਉੱਤੇ ਸਲਾਮਤੀ ਹੋਵੇ। ਹੇ ਅਲੱਾਹ ! ਮੇਰੇ ਪਾਪ ਬਖ਼ਸ਼ ਦੇ। ਜਦ ਆਪ ਮਸਜਿਦ ਵਿਚੋਂ ਨਿਕਲਦੇ ਤਾਂ ਇਹ ਦੁਆ ਮੰਗਦੇ। ਅਲੱਾਹ ਦਾ ਨਾਂ ਲੈ ਕੇ (ਮੈਂ ਮਸਜਿਦ ਚੋਂ ਨਿਕਲਦਾ ਹਾਂ) ਅਲੱਾਹ ਦੇ ਰਸੂਲ ਉੱਤੇ ਸਲਾਮਤੀ ਹੋਵੇ। ਹੇ ਅਲੱਾਹ ! ਮੇਰੇ ਪਾਪਾਂ ਨੂੰ ਬਖ਼ਸ਼ ਦੇ ਅਤੇ ਮੇਰੇ ਲਈ ਆਪਣੀ ਕ੍ਰਿਪਾਲਤਾ ਦੇ ਬੂਹੇ ਖੋਲ੍ਹ ਦੇ।

(ਮੁਸਨਦੇ ਅਹਿਮਦ ਭਾਗ 6 ਪੰਨਾ 283)

# 10. ਰੋਜ਼ਾ (ਵਰਤ)

ਹਜ਼ਰਤ ਅਬੂ ਹੁਰੈਰਾ ਰਜ਼ੀਅਲੱਾਹ ਅਨਹੁ ਵਰਨਣ ਕਰਦੇ ਹਨ ਕਿ ਆਂਹਜ਼ਰਤ ਸਲ-ਲੱਲਾਹੁ ਅਲੈਹਿ ਵਸੱਲਮ ਨੇ ਫ਼ਰਮਾਇਆ ਕਿ ਅਲੱਾਹ ਫ਼ਰਮਾਉਂਦਾ ਹੈ ਕਿ ਮਨੁੱਖ ਦੇ ਸਾਰੇ ਕੰਮ ਉਸ ਦੇ ਆਪਣੇ ਲਈ ਹੁੰਦੇ ਹਨ, ਪਰ ਰੋਜ਼ਾ ਮੇਰੇ ਲਈ ਹੁੰਦਾ ਹੈ ਅਤੇ ਮੈਂ ਆਪ ਹੀ ਉਹਦਾ (ਰੋਜ਼ੇ ਦਾ) ਵਟਾਂਦਰਾ ਹੋਵਾਂਗਾ ਅਰਥਾਤ ਉਹਦੀ ਏਸ ਨੇਕੀ ਦੇ ਵਟਾਂਦਰੇ ਵਿਚ ਮੈਂ ਉਹਨੂੰ (ਅਰਥਾਤ ਰੋਜ਼ਾ ਰਖਣ ਵਾਲੇ ਮਨੁੱਖ ਨੂੰ) ਆਪਣਾ ਦੀਦਾਰ ਬਖ਼ਸ਼ਾਂਗਾ। ਅਲੱਾਹ ਫ਼ਰਮਾਉਂਦਾ ਹੈ ਕਿ ਰੋਜ਼ਾ ਢਾਲ ਹੈ ਸੋ ਤੁਹਾਡੇ ਵਿਚੋਂ ਜਦ ਕਿਸੇ ਦਾ ਰੋਜ਼ਾ ਹੋਵੇ, ਤਾਂ ਉਹ ਨਾ ਤਾਂ ਬੇਹੂਦਾ ਗੱਲਾਂ ਕਰੇ ਤੇ ਨਾ ਸ਼ੋਰ-ਸ਼ਰਾਬਾ ਪਾਏ। ਜੇਕਰ ਉਹਦੇ ਨਾਲ ਕੋਈ ਗਾਲੀ-ਗਲੂਚ ਨਾਲ ਪੇਸ਼ ਆਏ ਤਾਂ ਉਹ ਉੱਤਰ ਵਿਚ ਇਹ ਕਹੇ ਕਿ ਮੈਂ ਰੋਜ਼ੇਦਾਰ ਹਾਂ। ਕਸਮ ਹੈ ਓਸ ਜ਼ਾਤ ਦੀ ਜਿਹਦੇ ਕਬਜ਼ੇ ਵਿਚ ਮੁਹੰਮਦ ਦੀ ਜਾਨ ਹੈ ਕਿ ਰੋਜ਼ੇਦਾਰ ਦੇ ਮੂੰਹ ਦੀ ਬੋ ਅਲੱਾਹ ਨੂੰ ਮੁਸ਼ਕ ਦੀ ਸੁਗੰਧੀ ਨਾਲੋਂ ਵੀ ਬਹੁਤੀ ਚੰਗੀ ਤੇ ਪਿਆਰੀ ਲਗਦੀ ਹੈ। ਕਿਉਂਜੁ ਉਹਨੇ ਆਪਣੀ ਇਹ ਹਾਲਤ ਅਲੱਾਹ ਦੀ ਖ਼ਾਤਰ ਬਣਾ ਰੱਖੀ ਹੈ। ਰੋਜ਼ੇਦਾਰ ਦੇ ਭਾਗਾਂ ਵਿਚ ਦੋ ਖ਼ੁਸ਼ੀਆਂ ਹੁੰਦੀਆਂ ਹਨ, ਇਕ ਖ਼ੁਸ਼ੀ ਤਾਂ ਉਹਨੂੰ

ਓਸ ਸਮੇਂ ਹੁੰਦੀ ਹੈ ਜਦ ਉਹ ਰੋਜ਼ਾ ਖੋਲ੍ਹਦਾ ਹੈ ਅਤੇ ਦੂਜੀ ਖ਼ੁਸ਼ੀ ਓਸ ਸਮੇਂ ਹੋਏਗੀ ਜਦ ਰੋਜ਼ੇਦਾਰ ਨੂੰ ਅਲੱਾਹ ਦਾ ਦੀਦਾਰ ਜਾਂ ਮੁਲਾਕਾਤ ਹੋਏਗੀ।

(ਬੁਖ਼ਾਰੀ ਸ਼ਰੀਫ਼ ਕਿਤਾਬੁੱਸੌਮ ਭਾਗ 1 ਪੰਨਾ 251)

ਹਜ਼ਰਤ ਅਬੂ ਹੁਰੈਰਾ ਰਜ਼ੀਅਲੱਾਹ ਅਨਹੁ ਕਹਿੰਦੇ ਹਨ ਕਿ ਆਂਹਜ਼ਰਤ ਸਲ-ਲੱਲਾਹੁ ਅਲੈਹਿ ਵਸੱਲਮ ਨੇ ਫ਼ਰਮਾਇਆ ਕਿ ਜਿਹੜਾ ਮਨੁੱਖ ਝੂਠ ਬੋਲਣ ਤੋਂ ਬਾਜ਼ ਨਹੀਂ ਆਉਂਦਾ, ਅਲੱਾਹ ਨੂੰ ਉਹਦੇ ਭੁੱਖੇ-ਤਿਹਾਏ ਰਹਿਣ ਦੀ ਲੋੜ ਨਹੀਂ ਅਰਥਾਤ ਉਹਦਾ ਰੋਜ਼ਾ ਰਖਣਾ ਇਕ ਨਿਕੰਮੀ ਜਿਹੀ ਗੱਲ ਹੈ।

(ਬੁਖ਼ਾਰੀ ਸ਼ਰੀਫ਼ ਕਿਤਾਬੁੱਸੌਮ ਭਾਗ 1 ਪੰਨਾ 255)

ਹਜ਼ਰਤ ਆਇਸ਼ਾ ਰਜ਼ੀਅਲੱਾਹ ਅਨਹਾ ਬਿਆਨ ਕਰਦੇ ਹਨ ਕਿ ਆਂਹਜ਼ਰਤ ਸਲ-ਲੱਲਾਹੁ-ਅਲੈਹਿ ਵਸੱਲਮ ਰਮਜ਼ਾਨ ਦੇ ਆਖ਼ਰੀ ਦਿਹਾਕੇ ਵਿਚ ਇਅਤਿਕਾਫ਼ ਬੈਠਿਆ ਕਰਦੇ ਸਨ ਅਤੇ ਆਪ ਦਾ ਇਹ ਤਰੀਕ ਆਪ ਦੀ ਵਫ਼ਾਤ ਤਕ ਰਿਹਾ, ਇਸ ਪਿਛੋਂ (ਅਰਥਾਤ ਆਪ ਦੀ ਵਫ਼ਾਤ ਮਗਰੋਂ) ਆਪ ਦੀਆਂ ਪਤਨੀਆਂ ਵੀ ਇਹਨਾਂ ਦਿਨਾਂ ਵਿਚ ਹੀ ਇਅਤਿਕਾਫ਼ ਬੈਠਿਆ ਕਰਦੀਆਂ ਸਨ।

(ਬੁਖ਼ਾਰੀ ਸ਼ਰੀਫ਼ ਭਾਗ 1 ਪੰਨਾ 271)

# 11. ਹੱਜ

ਹਜ਼ਰਤ ਅਬੂ ਹੁਰੈਰਾ ਰਜ਼ੀਅਲੱਾਹ ਅਨਹੁ ਬਿਆਨ ਕਰਦੇ ਹਨ ਕਿ ਆਂਹਜ਼ਰਤ ਸਲ-ਲੱਲਾਹੁ ਅਲੈਹਿ-ਵਸੱਲਮ ਨੇ ਆਪਣੇ ਇਕ ਭਾਸ਼ਨ ਵਿਚ ਫ਼ਰਮਾਇਆ, ਹੇ ਲੋਕੋ! ਅਲੱਾਹ ਨੇ ਤੁਹਾਡੇ ਉੱਤੇ ਹੱਜ ਕਰਨਾ ਜ਼ਰੂਰੀ ਕਰਾਰ ਦਿੱਤਾ ਹੈ, ਏਸ ਲਈ ਤੁਸੀਂ ਹੱਜ ਕੀਤਾ ਕਰੋ, ਇਸ ਤੇ ਇਕ ਆਦਮੀ ਨੇ ਅਰਜ਼ ਕੀਤੀ ਕਿ ਹੇ ਅਲੱਾਹ ਦੇ ਰਸੂਲ ਜੀਉ! ਕੀ ਹਰ ਵਰ੍ਹੇ ਹੱਜ ਕਰਨਾ ਜ਼ਰੂਰੀ ਹੈ, ਇਸ ਤੇ ਆਪ ਚੁਪ ਰਹੇ। ਉਸ ਨੇ ਤਿੰਨ ਵਾਰੀ ਇਹ ਪ੍ਰਸ਼ਨ ਦੁਹਰਾਇਆ ਤਾਂ ਆਪ ਨੇ ਫ਼ਰਮਾਇਆ, ਜੇ ਮੈਂ ਹਾਂ ਕਹਿ ਦੇਂਦਾ ਤਾਂ ਹਰ ਇਕ ਤੇ ਹਰ ਸਾਲ ਹੱਜ ਫ਼ਰਜ਼ ਹੋ ਜਾਂਦਾ ਅਤੇ ਤੁਸੀਂ ਅਜਿਹਾ ਕਰਨ ਦੀ ਤਾਕਤ ਨਾ ਰੱਖਦੇ ਫੇਰ ਫ਼ਰਮਾਇਆ ਜਦ ਤੀਕ ਮੈਂ ਤੁਹਾਨੂੰ ਛੱਡੀ ਰਖਾਂ ਤੁਸੀਂ ਵੀ ਮੈਨੂੰ ਛੱਡੀ ਰੱਖੋ। (ਅਰਥਾਤ ਜਦ ਤਕ ਮੈਂ ਖ਼ਾਮੋਸ਼ ਰਹਾਂ ਤੁਸੀਂ ਵੀ ਖ਼ਾਮੋਸ਼ ਰਿਹਾ ਕਰੋ) ਲੋੜ ਤੋਂ ਬਿਨਾ ਗੱਲਾਂ ਪੁੱਛਣ ਦੀ ਲਾਲਸਾ ਨਾ ਕੀਤਾ ਕਰੋ, ਕਿਉਂ-ਜੁ ਤੁਹਾਡੇ ਤੋਂ ਪਹਿਲਾਂ ਲੋਕ ਆਪਣੇ ਪੈਗੰਬਰਾਂ ਅੱਗੇ ਬਹੁਤ ਪ੍ਰਸ਼ਨ ਕੀਤਾ ਕਰਦੇ ਸਨ ਅਤੇ ਉਹ ਗੱਲਾਂ, ਜਿਹੜੀਆਂ ਉਹਨਾਂ ਪੈਗੰਬਰਾਂ ਤੋਂ ਪੁੱਛੀਆਂ ਜਾਂਦੀਆਂ ਸਨ, ਜਦ ਉਹ ਦਸਦੇ ਤਾਂ ਉਹਨਾਂ ਦੀ ਉਲੰਘਣਾ ਕਰ ਕੇ ਤਬਾਹੀ ਦੇ ਟੋਇਆਂ ਵਿਚ ਜਾ ਡਿਗਦੇ। ਏਸ ਲਈ ਜਦ ਮੈਂ ਆਪ ਹੀ ਤੁਹਾਨੂੰ ਕੋਈ ਹੁਕਮ ਦਿਆਂ ਤਾਂ ਆਪਣੀ ਤਾਕਤ ਅਨੁਸਾਰ ਉਹਦੀ ਪਾਲਨਾ ਕੀਤਾ ਕਰੋ ਅਤੇ ਜਦ ਕਿਸੇ ਗੱਲੋਂ ਰੋਕਿਆ ਕਰਾਂ ਤਾਂ ਰੁਕ ਜਾਇਆ ਕਰੋ।

(ਮੁਸਲਿਮ ਸ਼ਰੀਫ਼ ਭਾਗ 1-2 ਪੰਨਾ 594)

ਹਜ਼ਰਤ ਅਬੂ ਹੁਰੈਰਾ ਰਜ਼ੀਅਲੱਾਹ ਅਨਹੁ ਵਰਨਣ ਕਰਦੇ ਹਨ ਕਿ ਆਂਹਜ਼ਰਤ ਸਲ-ਲੱਲਾਹੁ ਅਲੈਹਿ ਵਸਲੱਮ ਨੇ ਫ਼ਰਮਾਇਆ ਕਿ ਜਿਹੜਾ ਮਨੁੱਖ ਅਲੱਾਹ ਦੀ ਖ਼ਾਤਰ ਹੱਜ ਕਰੇ ਤੇ ਹੱਜ ਦੇ ਦਿਨਾਂ ਵਿਚ ਨਾ ਕੋਈ ਨਾ ਫ਼ਰਮਾਨੀ ਕਰੇ ਅਤੇ ਨਾ ਹੀ ਕੋਈ ਪਾਪ ਦੀ ਗੱਲ ਕਰੇ, ਤਾਂ ਉਹਦੀ (ਹੱਜ ਮਗਰੋਂ ਅਜਿਹੀ ਹੀ ਹਾਲਤ ਹੋਏਗੀ) ਜਿਹਾ ਕਿ ਉਹਦੀ ਮਾਤਾ ਨੇ ਉਹਨੂੰ ਅਜ ਹੀ ਜਨਮ ਦਿੱਤਾ ਹੈ (ਅਰਥਾਤ ਪਾਪਾਂ ਤੋਂ ਉੱਕਾ ਹੀ ਪਾਕ-ਸਾਫ਼ ਵਾਲੀ ਹਾਲਤ)।

(ਮਿਸ਼ਕਾਤ ਸ਼ਰੀਫ਼ ਕਿਤਾਬੁਲ ਮਨਾਸਿਕ)

# 12. ਜ਼ਕਾਤ–ਅਲੱਾਹ ਦੀ ਰਾਹ ਵਿਚ ਖ਼ਰਚ ਕਰਨਾ

ਹਜ਼ਰਤ ਮਆਜ਼ ਰਜ਼ੀਅਲੱਾਹ ਅਨਹੁ ਵਰਨਣ ਕਰਦੇ ਹਨ ਕਿ ਆਂਹਜ਼ਰਤ ਸਲ-ਲੱਲਾਹੁ ਅਲੈਹਿ ਵਸੱਲਮ ਨੇ ਮੈਨੂੰ ਹਾਕਮ ਬਣਾ ਕੇ ਭੇਜਿਆ ਤੇ ਫ਼ਰਮਾਇਆ ਕਿ ਕਿਸੇ ਸਮੇਂ (ਤੇਰਾ) ਅਹਿਲਿ ਕਿਤਾਬ (ਈਸਾਈਆਂ ਤੇ ਯਹੂਦੀਆਂ) ਨਾਲ ਵਾਹ ਪਏਗਾ ਤਾਂ ਓਹਨਾਂ ਨੂੰ ਏਸ ਗੱਲ ਵਲ ਸੱਦਾ ਦੇਵੀਂ ਕਿ ਓਹ ਇਹ ਗਵਾਹੀ ਦੇਣ ਕਿ ਅਲੱਾਹ ਤੋਂ ਬਿਨਾਂ ਹੋਰ ਕੋਈ ਵੀ ਇਬਾਦਤ ਦੇ ਯੋਗ ਨਹੀਂ ਅਤੇ ਮੈਂ ਅਲੱਾਹ ਦਾ ਰਸੂਲ ਹਾਂ। ਜੇਕਰ ਓਹ ਤੇਰੀ ਇਹ ਗੱਲ ਮੰਨ ਲੈਣ, ਤਾਂ ਓਹਨਾਂ ਨੂੰ ਦੱਸਣਾ ਕਿ ਅਲੱਾਹ ਨੇ ਓਹਨਾਂ ਤੇ ਦਿਨ ਵਿਚ ਪੰਜ ਨਮਾਜ਼ਾਂ ਫ਼ਰਜ਼ ਕਰਾਰ ਦਿੱਤੀਆਂ ਹਨ। ਜੇਕਰ ਓਹ ਤੇਰੀ ਇਹ ਗੱਲ ਮੰਨ ਲੈਣ ਤਾਂ ਓਹਨਾਂ ਨੂੰ ਦੱਸਣਾ ਕਿ ਅਲੱਾਹ ਨੇ ਓਹਨਾਂ ਲਈ ਜ਼ਕਾਤ (ਦਾਨ) ਦਾ ਦੇਣਾ ਜ਼ਰੂਰੀ ਕਰਾਰ ਦਿੱਤਾ ਹੈ, ਜਿਹੜਾ ਕਿ ਓਹਨਾਂ ਦੇ ਧਨਾਢਾਂ ਤੋਂ ਲੈ ਕੇ ਗ਼ਰੀਬਾਂ ਨੂੰ ਦਿੱਤਾ ਜਾਏ। ਜੇਕਰ ਓਹ ਇਹ ਗੱਲ ਵੀ ਮੰਨ ਲੈਣ ਤਾਂ ਉਹਨਾਂ ਤੋਂ ਬਹੁਤਾ ਧਨ (ਦਾਨ ਤੋਂ ਵਧ) ਲੈਣ ਤੋਂ ਸੰਕੋਚ ਕਰਨਾ। ਮਜ਼ਲੂਮ (ਜਿਹਦੇ ਉੱਤੇ ਜ਼ੁਲਮ ਕੀਤਾ ਗਿਆ ਹੋਵੇ) ਦੀ ਆਹ ਤੋਂ ਬਚਣਾ, ਕਿਉਂਕਿ ਮਜ਼ਲੂਮ ਦੀ ਆਹ ਤੇ ਅਲੱਾਹ ਦੇ ਵਿਚਾਲੇ ਕੋਈ ਰੋਕ ਨਹੀਂ ਹੈ ਅਰਥਾਤ ਉਹ ਬਿਨਾ ਰੋਕ-ਟੋਕ ਅਲੱਾਹ ਦੀ ਹਜ਼ੂਰੀ ਵਿਚ ਪਹੁੰਚਦੀ ਤੇ ਸੁਣੀ ਜਾਂਦੀ ਹੈ।

(ਬੁਖ਼ਾਰੀ ਸ਼ਰੀਫ਼ ਕਿਤਾਬੁੱਜ਼ਕਾਤ ਭਾਗ 1 ਪੰਨਾ 196-202-231)

ਹਜ਼ਰਤ ਖ਼ਰੀਮ ਬਿਨ (ਸਪੁੱਤਰ) ਨਾਤਕ ਰਜ਼ੀਅਲੱਾਹ ਅਨਹੁ ਕਹਿੰਦੇ ਹਨ ਕਿ ਆਂਹਜ਼ਰਤ ਸਲ-ਲੱਲਾਹੁ ਅਲੈਹਿ ਵਸੱਲਮ ਨੇ ਫ਼ਰਮਾਇਆ ਕਿ ਜਿਹੜਾ ਮਨੁੱਖ ਅਲੱਾਹ ਦੀ ਰਾਹ ਵਿਚ ਕੁਝ ਖ਼ਰਚ ਕਰਦਾ ਹੈ ਉਹਨੂੰ ਉਹਦੇ ਵਟਾਂਦਰੇ ਵਿਚ ਸਤ ਸੌ ਗੁਣਾ ਵਧ ਪੁੰਨ ਮਿਲਦਾ ਹੈ।

(ਤਿਰਮਿਜ਼ੀ ਸ਼ਰੀਫ਼ ਭਾਗ 1 ਪੰਨਾ 196)

ਹਜ਼ਰਤ ਅਨਸ ਰਜ਼ੀਅਲੱਾਹ ਅਨਹੁ ਕਹਿੰਦੇ ਹਨ ਕਿ ਹਜ਼ਰਤ ਅਬੂ ਤਲਹਾ ਰਜ਼ੀਅਲੱਾਹ ਅਨਹੁ ਅਨਸਾਰੀ ਮਦੀਨੇ ਦੇ ਅਨਸਾਰਾਂ ਵਿਚੋਂ ਸਭ ਤੋਂ ਵਧ ਧਨਾਢ ਸਨ, ਉਹਨਾਂ ਦੇ ਖਜੂਰਾਂ ਦੇ ਬਾਗ਼ ਸਨ, ਜਿਹਨਾਂ ਵਿਚੋਂ ਸਭ ਤੋਂ ਚੰਗਾ ਬਾਗ "ਬੀਰਹਾ" ਨਾਂ ਦਾ ਸੀ, ਜਿਹੜਾ ਕਿ ਹਜ਼ਰਤ ਤਲਹਾ ਨੂੰ ਬਹੁਤ ਪਿਆਰਾ ਸੀ ਤੇ ਉਹ ਮਸਜਿਦ ਨਬਵੀਂ ਦੇ ਸਾਹਮਣੇ ਤੇ ਨੇੜੇ ਸੀ। ਆਂਹਜ਼ਰਤ ਸਲਅਮ ਵਧੇਰੇ ਕਰਕੇ ਉਸ ਬਾਗ ਵਿਚ ਜਾਂਦੇ ਤੇ ਉਹਦਾ ਮਿੱਠਾ ਤੇ ਵਧੀਆ ਪਾਣੀ ਪੀਂਦੇ। ਜਦ ਇਹ ਆਇਤ (ਕੁਰਆਨ ਮਜੀਦ ਦੀ ਇਕ ਸੂਰਤ) ਉਤਰੀ ਕਿ ਜਦ ਤੀਕ ਤੁਸੀਂ ਆਪਣੇ ਓਸ ਧਨ ਨੂੰ ਜਿਹੜਾ ਕਿ ਤੁਹਾਨੂੰ ਸਭ ਤੋਂ ਵੱਧ ਪਿਆਰਾ ਹੈ, (ਅਲੱਾਹ ਦੀ ਰਾਹ ਵਿਚ) ਖ਼ਰਚ ਨਹੀਂ ਕਰਦੇ, ਨੇਕੀ ਨੂੰ ਪ੍ਰਾਪਤ ਨਹੀਂ ਕਰ ਸਕਦੇ, ਤਾਂ ਹਜ਼ਰਤ ਅਬੂ ਤਲਹਾ ਆਂਹਜ਼ਰਤ ਸਲਅਮ ਦੀ ਹਜ਼ੂਰੀ ਵਿਚ ਹਾਜ਼ਰ ਹੋਏ ਤੇ ਅਰਜ਼ ਕੀਤੀ, ਹੇ ਅਲੱਾਹ ਦੇ ਰਸੂਲ ਜੀਓ ! ਕਿ ਆਪ ਤੇ (ਕੁਰਆਨ ਮਜੀਦ ਦੀ) ਇਹ ਆਇਤ ਉਤਰੀ ਹੈ ਅਤੇ ਮੈਨੂੰ ਆਪਣੀ ਜਾਇਦਾਦ ਵਿਚੋਂ ਸਭ ਤੋਂ ਵਧ ਕੇ ਪਿਆਰੀ ਜਾਇਦਾਦ "ਬੀਰਹਾ" ਨਾਂ ਦਾ ਬਾਗ਼ ਹੈ, ਮੈਂ ਉਹਨੂੰ ਅਲੱਾਹ ਦੀ ਰਾਹ ਵਿਚ ਅਰਪਨ ਕਰਦਾ ਹਾਂ ਤੇ ਆਸ ਰਖਦਾ ਹਾਂ ਕਿ ਅਲੱਾਹ ਮੇਰੀ ਏਸ ਨੇਕੀ ਨੂੰ ਸਵੀਕਾਰ ਵੀ ਕਰੇਗਾ ਅਤੇ ਕਿਆਮਤ (ਪਰਲੈ) ਦੇ ਦਿਹਾੜੇ ਦੀਆਂ ਨੇਕੀਆਂ ਵਿਚ ਮੇਰੀ ਇਸ ਨੇਕੀ ਨੂੰ ਵੀ ਸ਼ਾਮਲ ਕਰੇਗਾ। ਹਜ਼ੂਰ ! ਤੁਸੀਂ ਆਪਣੀ ਮਰਜ਼ੀ ਅਨੁਸਾਰ ਏਸ ਬਾਗ਼ ਨੂੰ ਵਰਤੋਂ ਵਿਚ ਲਿਆਓ। ਇਸ ਤੇ ਆਂਹਜ਼ਰਤ ਸਲਅਮ ਨੇ ਫ਼ਰਮਾਇਆ ਵਾਹ ! ਵਾਹ !! ਬਹੁਤ ਈ ਚੰਗਾ ਤੇ ਕੀਮਤੀ ਧਨ ਹੈ, ਬਹੁਤ ਹੀ ਲਾਹੇਵੰਦਾ ਸੌਦਾ ਹੈ, ਜਿਹੜਾ ਕਿ ਤੁਸਾਂ ਕੀਤਾ ਹੈ, ਉਹ ਵੀ ਮੈਂ ਸੁਣ ਲਿਆ ਹੈ। ਮੇਰੀ ਰਾਇ ਹੈ ਕਿ ਤੁਸੀਂ ਇਹ ਬਾਗ਼ ਆਪਣੇ ਸਾਕ-ਸੰਬੰਧੀਆਂ ਨੂੰ ਦੇ ਦਿਓ। ਇਸ ਤੇ ਅਬੂ ਤਲਹਾ ਨੇ ਉਹ ਬਾਗ਼ ਆਪਣੇ ਨੇੜੇ ਦੇ ਸਾਕ-ਸੰਬੰਧੀਆਂ ਤੇ ਚਚੇਰੇ ਭਰਾਵਾਂ ਨੂੰ ਦੇ ਦਿੱਤਾ।

(ਬੁਖ਼ਾਰੀ ਸ਼ਰੀਫ਼ ਭਾਗ 2 ਪੰਨਾ 654)

ਹਜ਼ਰਤ ਅਦੀ ਬਿਨ (ਸਪੁੱਤਰ) ਹਾਤਮ ਰਜ਼ੀਅਲੱਾਹ ਅਨਹੁ ਬਿਆਨ ਕਰਦੇ ਹਨ ਕਿ ਆਂਹਜ਼ਰਤ ਸਲ-ਲੱਲਾਹੁ ਅਲੈਹਿ ਵਸੱਲਮ ਨੇ ਫ਼ਰਮਾਇਆ ਕਿ ਸਦਕਾ (ਖ਼ੈਰਾਤ) ਦੇ ਕੇ ਅੱਗ (ਦੇ ਅਜ਼ਾਬ) ਤੋਂ ਬਚੋ, ਭਾਵੇਂ ਅਧੀ ਖਜੂਰ ਦੇਣ ਦੀ ਤਾਕਤ ਹੀ ਕਿਉਂ ਨਾ ਹੋਵੇ। (ਉਹੀ ਦਿਉ)

(ਬੁਖ਼ਾਰੀ ਸ਼ਰੀਫ਼ ਕਿਤਾਬੁੱਜ਼ਕਾਤ ਭਾਗ 1 ਪੰਨਾ 190)

ਹਜ਼ਰਤ ਆਇਸ਼ਾ ਰਜ਼ੀਅਲੱਾਹ ਅਨਹਾ ਵਰਨਣ ਕਰਦੇ ਹਨ ਕਿ ਆਂਹਜ਼ਰਤ ਸਲ-ਲੱਲਾਹੁ ਅਲੈਹਿ ਵਸਲੱਮ ਨੇ ਫ਼ਰਮਾਇਆ ਕਿ ਸਖੀ (ਮਨੁੱਖ) ਅਲੱਾਹ ਦੇ ਨੇੜੇ, ਲੋਕਾਂ ਦੇ ਨੇੜੇ ਅਤੇ ਸਵਰਗ ਦੇ ਨੇੜੇ ਹੁੰਦਾ ਹੈ ਤੇ ਨਰਕ ਤੋਂ ਦੂਰ ਹੁੰਦਾ ਹੈ। ਇਸ ਦੇ ਉਲਟ ਕੰਜੂਸ (ਮਨੁੱਖ) ਅਲੱਾਹ ਤੋਂ ਦੂਰ, ਲੋਕਾਂ ਤੋਂ ਦੂਰ, ਪਰ ਨਰਕ ਦੇ ਨੇੜੇ ਹੁੰਦਾ ਹੈ। ਅਨਪੜ੍ਹ

ਸਖੀ ਕੰਜੂਸ ਆਬਿਦ (ਭਗਤੀ ਕਰਨ ਵਾਲੇ) ਤੋਂ ਅਲੱਾਹ ਨੂੰ ਵਧੇਰੇ ਪਿਆਰਾ ਹੈ ।

(ਕੁਸ਼ੈਰਿਆਹ ਭਾਗ 1 ਪੰਨਾ 122)

ਇਕ ਆਦਮੀ ਨੇ ਆਂਹਜ਼ਰਤ ਸਲ-ਲੱਲਾਹੁ ਅਲੈਹਿ ਵਸੱਲਮ ਦੀ ਸੇਵਾ ਵਿਚ ਅਰਜ਼ ਕੀਤੀ ਕਿ ਕਿਹੜਾ ਸਦਕਾ (ਖ਼ੈਰਾਤ) ਵਟਾਂਦਰੇ ਤੇ ਸਵਾਬ (ਪੁੰਨ) ਵਜੋਂ ਵੱਡਾ ਹੈ, ਆਂ-ਹਜ਼ਰਤ ਸਲੱਅਮ ਨੇ ਫ਼ਰਮਾਇਆ ਕਿ ਤੂੰ ਅਜਿਹੀ ਹਾਲਤ ਵਿਚ ਖ਼ੈਰਾਤ ਕਰੇਂ ਕਿ ਇਕ ਤਾਂ ਤੂੰ ਆਪ ਅਰੋਗ ਹੋਵੇਂ ਅਤੇ ਧਨ ਦੀ ਇੱਛਾ ਵੀ ਰੱਖਦਾ ਹੋਵੇਂ ਤੇ ਤੰਗਦਸਤੀ ਤੋਂ ਡਰਦਾ ਹੋਵੇਂ ਅਤੇ ਖੁਸ਼ਹਾਲੀ ਦਾ ਚਾਹਵਾਨ ਹੋਵੇਂ, ਸੋ ਤੂੰ ਅਜਿਹੀ ਹਾਲਤ ਵਿਚ ਸਦਕਾ ਕਰਨ ਵਿਚ ਦੇਰੀ ਨਾ ਕਰ, ਭਾਵੇਂ ਤੇਰੀ ਜਾਨ ਗਲ਼ੂ ਤੱਕ ਕਿਉਂ ਨਾ ਅਪੜ ਜਾਵੇ, ਰਾਵੀ (ਆਂਹਜ਼ਰਤ ਦੀ ਕਹੀ ਗੱਲ ਨੂੰ ਵਰਨਣ ਕਰਨ ਵਾਲਾ) ਕਹਿੰਦਾ ਹੈ ਕਿ ਮੈਂ ਕਿਹਨੂੰ ਸਦਕਾ ਦੇਵਾਂ, ਫ਼ਰਮਾਇਆ ਕਿ ਅਮਕਿ ਅਮਕਿ ਇਨਸਾਨ ਨੂੰ ।

(ਮਿਸ਼ਕਾਤ ਸ਼ਰੀਫ਼ ਕਿਤਾਬੁਲ ਇਨਫ਼ਾਕ)

# 13. ਸ਼ੁਭ ਕਰਮ ਕਰਨੇ ਅਤੇ ਅਸ਼ੁਭ ਕਰਮਾਂ ਤੋਂ ਬਚਣਾ

ਹਜ਼ਰਤ ਹੁਜ਼ੈਫ਼ਾ ਰਜ਼ੀਅਲੱਾਹ ਅਨਹੁ ਬਿਆਨ ਕਰਦੇ ਹਨ ਕਿ ਆਂਹਜ਼ਰਤ ਸਲ-ਲੱਲਾਹੁ ਅਲੈਹਿ ਵਸੱਲਮ ਨੇ ਫ਼ਰਮਾਇਆ ਮੈਨੂੰ ਓਸ ਜ਼ਾਤ ਦੀ ਕਸਮ ਹੈ, ਜਿਹਦੇ ਹੱਥ ਵਿਚ ਮੇਰੀ ਜਾਨ ਹੈ ਕਿ ਜਾਂ ਤਾਂ ਤੁਸੀਂ ਨੇਕੀ ਦਾ ਹੁਕਮ ਦਿਓ ਅਤੇ ਬੁਰਾਈ ਤੋਂ ਰੋਕੋ, ਨਹੀਂ ਤਾਂ ਸੰਭਵ ਹੈ ਕਿ ਅਲੱਾਹ ਤੁਹਾਨੂੰ ਅਤਿ ਕਰੜਾ ਕਸ਼ਟ ਦੇਵੇ ਫੇਰ ਜੇ ਕਰ ਤੁਸੀਂ ਦੁਆਵਾਂ ਵੀ ਕਰੋਗੇ ਤਾਂ ਵੀ ਓਹ ਸਵੀਕਾਰ ਨਹੀਂ ਕੀਤੀਆਂ ਜਾਣਗੀਆਂ ।

(ਤਿਰਮਿਜ਼ੀ ਸ਼ਰੀਫ਼ ਭਾਗ 2 ਪੰਨਾ 39)

ਹਜ਼ਰਤ ਨਾਅਮਾਨ ਬਿਨ (ਸਪੁੱਤਰ) ਬਸ਼ੀਰ ਰਜ਼ੀਅਲੱਾਹ ਅਨਹੁ ਵਰਨਣ ਕਰਦੇ ਹਨ ਕਿ ਆਂਹਜ਼ਰਤ ਸਲ-ਲੱਲਾਹੁ ਅਲੈਹਿ ਵਸੱਲਮ ਨੇ ਫ਼ਰਮਾਇਆ ਕਿ ਓਸ ਇਨਸਾਨ ਦੀ ਮਿਸਾਲ ਜਿਹੜਾ ਕਿ ਅਲੱਾਹ ਦੀਆਂ ਹੱਦਾਂ ਨੂੰ ਕਾਇਮ ਰੱਖਦਾ ਹੈ ਤੇ ਜਿਹੜਾ ਓਹਨਾਂ ਨੂੰ ਤੋੜਦਾ ਹੈ, ਓਹਨਾਂ ਲੋਕਾਂ ਵਾਂਗ ਹੈ, ਜਿਹਨਾਂ ਨੇ ਇਕ ਬੇੜੀ ਵਿਚ ਥਾਂ ਲੈਣ ਲਈ ਕੁਰਆ ਪਾਇਆ, ਕੁਝ-ਕੁ ਲੋਕਾਂ ਨੂੰ ਬੇੜੀ ਦਾ ਉਤਲਾ ਭਾਗ ਮਿਲਿਆ ਤੇ ਕੁਝ-ਇਕ ਨੂੰ ਥੱਲੇ ਵਾਲਾ । ਜਿਹੜੇ ਲੋਕ ਥੱਲੇ ਦੀ ਮੰਜ਼ਲ ਤੇ ਸਨ ਓਹ ਉੱਪਰ ਦੀ ਮੰਜ਼ਲ ਤੋਂ ਲੰਘ ਕੇ ਪਾਣੀ ਲੈਂਦੇ ਸਨ, ਫੇਰ ਓਹਨਾਂ ਨੂੰ ਖ਼ਿਆਲ ਆਇਆ ਕਿ ਅਸੀਂ ਐਵੇਂ ਉੱਪਰ ਵਾਲੀ ਮੰਜ਼ਲ ਦੇ ਲੋਕਾਂ ਨੂੰ ਕਸ਼ਟ ਦਿੰਦੇ ਹਾਂ, ਕਿਉਂ ਨਾ ਅਸੀਂ ਥੱਲੇ ਦੀ ਮੰਜ਼ਲ ਵਿਚ ਮੋਰੀ ਕਰ ਲਈਏ ਅਤੇ ਉਥੋਂ ਦੀ ਪਾਣੀ ਲੈ ਲਿਆ ਕਰੀਏ ।

ਹੁਣ ਜੇਕਰ ਉੱਪਰ ਵਾਲੇ ਇਹਨਾਂ ਥੱਲੇ ਵਾਲੇ ਪਾਗਲਾਂ ਨੂੰ ਅਜਿਹਾ ਕੰਮ ਕਰਨ ਦੇਣ ਤਾਂ ਸਾਰੇ ਦੇ ਸਾਰੇ ਗਰਕ ਹੋ ਜਾਣ ਅਤੇ ਜੇਕਰ ਓਹਨਾਂ ਨੂੰ ਰੋਕ ਦੇਣ ਤਾਂ ਸਾਰੇ ਦੇ ਸਾਰੇ ਬਚ ਜਾਣ । (ਬੁਖ਼ਾਰੀ ਸ਼ਰੀਫ਼ ਭਾਗ 1 ਪੰਨਾ 339)

ਹਜ਼ਰਤ ਸੁਹੈਲ ਬਿਨ (ਸਪੁੱਤਰ) ਸਾਅਦ ਰਜ਼ੀਅਲੱਾਹ ਅਨਹੁ ਬਿਆਨ ਕਰਦੇ ਹਨ ਕਿ ਆਂਹਜ਼ਰਤ ਸਲ-ਲੱਲਾਹੁ ਅਲੈਹਿ ਵਸੱਲਮ ਨੇ ਹਜ਼ਰਤ ਅਲੀ ਰਜ਼ੀਅਲੱਾਹ ਅਨਹੁ ਨੂੰ ਫ਼ਰਮਾਇਆ ਕਿ ਅਲੱਾਹ ਦੀ ਕਸਮ ! ਤੇਰੇ ਦੁਆਰਾ ਇਕ ਮਨੁੱਖ ਦਾ ਸੁਮਾਰਗ (ਹਦਾਇਤ) ਵੱਲ ਆ ਜਾਣਾ ਵੱਡਮੁਲੇ ਲਾਲ ਊਠਾਂ ਦੇ ਮਿਲ ਜਾਣ ਨਾਲੋਂ ਕਿਤੇ ਚੰਗਾ ਹੈ ।

(ਮੁਸਲਿਮ ਸ਼ਰੀਫ਼ ਕਿਤਾਬੁਲ ਫ਼ਜ਼ਾਇਲ ਭਾਗ 2 ਪੰਨਾ 109, ਬੁਖ਼ਾਰੀ ਸ਼ਰੀਫ਼ ਕਿਤਾਬੁਲ ਜਿਹਾਦ ਭਾਗ 1 ਪੰਨਾ 413)

ਹਜ਼ਰਤ ਅਬੂ ਹੁਰੈਰਾ ਰਜ਼ੀਅਲੱਾਹ ਅਨਹੁ ਵਰਨਣ ਕਰਦੇ ਹਨ ਕਿ ਆਂ ਹਜ਼ਰਤ ਸਲ-ਲੱਲਾਹੁ ਅਲੈਹਿ ਵਸੱਲਮ ਨੇ ਫ਼ਰਮਾਇਆ ਕਿ ਜਿਹੜਾ ਇਨਸਾਨ ਕਿਸੇ ਨੂੰ ਨੇਕ ਕੰਮ ਜਾਂ ਸੁਮਾਰਗ ਵੱਲ ਲਾਉਂਦਾ ਹੈ, ਉਹਨੂੰ ਉਹੀ ਵਟਾਂਦਰਾ ਮਿਲਦਾ ਹੈ, ਜਿਹੜਾ ਕਿ ਓਸ ਨੇਕ ਕੰਮ ਕਰਨ ਜਾਂ ਸੁਮਾਰਗ ਤੇ ਚੱਲਣ ਵਾਲੇ ਇਨਸਾਨ ਨੂੰ ਮਿਲਦਾ ਹੈ । ਅਤੇ ਓਹਨਾਂ ਦੇ ਪੁੰਨ ਵਿਚੋਂ ਰਤੀ ਭਰ ਵੀ ਘੱਟ ਨਹੀਂ ਹੁੰਦਾ । ਇਸ ਤਰ੍ਹਾਂ ਜਿਹੜਾ ਇਨਸਾਨ ਕਿਸੇ ਨੂੰ ਕੁਮਾਰਗ ਜਾਂ ਬੁਰਾਈ ਵੱਲ ਬੁਲਾਉਂਦਾ ਹੈ, ਉਹਨੂੰ ਵੀ ਓਸ ਦਾ ਊਨਾ ਹੀ ਪਾਪ ਹੁੰਦਾ ਹੈ, ਜਿੰਨਾ ਕਿ ਕੁਮਾਰਗ ਤੇ ਚੱਲਣ ਜਾਂ ਬੁਰਾਈ ਕਰਨ ਵਾਲੇ ਮਨੁੱਖ ਨੂੰ ਹੁੰਦਾ ਹੈ ਅਤੇ ਓਸ ਦੇ ਪਾਪ ਵਿਚ ਕੁਝ ਵੀ ਫ਼ਰਕ ਜਾਂ ਕਮੀ ਨਹੀਂ ਹੁੰਦੀ ।

(ਮੁਸਲਿਮ ਸ਼ਰੀਫ਼ ਕਿਤਾਬੁਲ ਇਲਮ ਭਾਗ 2 ਪੰਨਾ 223)

ਹਜ਼ਰਤ ਅਨਸ ਰਜ਼ੀਅਲੱਾਹ ਅਨਹੁ ਆਖਦੇ ਹਨ ਕਿ ਆਂਹਜ਼ਰਤ ਸਲ-ਲੱਲਾਹੁ-ਅਲੈਹਿ ਵਸੱਲਮ ਨੇ ਫ਼ਰਮਾਇਆ ਕਿ ਲੋਕਾਂ ਲਈ ਆਸਾਨੀ ਪੈਦਾ ਕਰੋ, ਓਹਨਾਂ ਲਈ ਉਖਿਆਈ ਪੈਦਾ ਨਾ ਕਰੋ, ਓਹਨਾਂ ਨੂੰ ਖੁਸ਼ਖ਼ਬਰੀ ਦਿਓ, ਨਿਰਾਸ ਨਾ ਕਰੋ ।

(ਮੁਸਲਿਮ ਸ਼ਰੀਫ਼ ਭਾਗ 1 ਪੰਨਾ 131)

# 14. ਕਰਤੱਵ ਪਾਲਨ ਅਤੇ ਮਨ੍ਹਾ ਕੀਤੇ ਕੰਮਾਂ ਤੋਂ ਰੁਕਣਾ

ਹਜ਼ਰਤ ਅਬੂ ਤਲਬਾ ਅਲਕੁਸ਼ਨੀ ਰਜ਼ੀਅਲੱਾਹ ਅਨਹੁ ਬਿਆਨ ਕਰਦੇ ਹਨ ਕਿ ਆਂਹਜ਼ਰਤ ਸਲ-ਲੱਲਾਹੁ ਅਲੈਹਿ ਵਸੱਲਮ ਨੇ ਫ਼ਰਮਾਇਆ ਕਿ ਅਲੱਾਹ ਨੇ ਕੁਝ ਇਕ ਫ਼ਰਜ਼ (ਨੇਕ ਕੰਮ) ਕ਼ਾਇਮ ਕੀਤੇ ਹਨ, ਓਹਨਾਂ ਦੀ ਪਾਬੰਦੀ ਕਰੋ ਅਤੇ ਕੁਝ ਇਕ ਨਵਾਹੀ (ਬੁਰੇ ਕੰਮ) ਹਨ, ਓਹਨਾਂ ਦੀ ਉਲੰਘਣਾ

ਨਾ ਕਰੋ ਤੇ ਉਸਨੇ ਕੁਝ ਇਕ ਗੱਲਾਂ ਤੋਂ ਰੋਕਿਆ ਹੈ ਓਹਨਾਂ ਦੇ ਨੇੜੇ ਨਾ ਜਾਓ ਅਤੇ ਕਈ ਇਕ ਗੱਲਾਂ ਦੇ ਬਾਰੇ ਵਿਚ ਉਹ ਆਪਣੀ ਅਪਾਰ ਰਹਿਮਤ ਸਦਕਾ ਚੁੱਪ ਰਿਹਾ ਹੈ, (ਇਸ ਲਈ ਨਹੀਂ ਕਿ ਉਹ ਭੁੱਲ ਗਿਆ ਹੈ) ਏਸ ਲਈ ਓਹਨਾਂ (ਗੱਲਾਂ) ਬਾਰੇ ਐਂਵੇ ਪ੍ਰਸ਼ਨ ਨਾ ਕਰਿਆ ਕਰੋ । (ਦਾਰ ਕੁਤਨੀ)

ਹਜ਼ਰਤ ਨਾਅਮਾਨ ਬਿਨ (ਸਪੁੱਤਰ) ਬਸ਼ੀਰ ਰਜ਼ੀਅੱਲਾਹ ਅਨਹੁ ਵਰਣਨ ਕਰਦੇ ਹਨ ਕਿ ਮੈਂ ਆਂਹਜ਼ਰਤ ਸਲ-ਲੱਲਾਹੁ ਅਲੈਹਿ ਵਸੱਲਮ ਨੂੰ ਇਹ ਫ਼ਰਮਾਉਂਦੇ ਹੋਏ ਸੁਣਿਆ ਕਿ ਹਰਾਮ ਤੇ ਹਲਾਲ ਜ਼ਾਹਰ ਹਨ, ਇਹਨਾਂ ਵਿਚ ਕਈ ਇਕ ਗੱਲਾਂ ਅਜਿਹੀਆਂ ਹਨ ਜਿਹੜੀਆਂ ਕਿ ਸ਼ੰਕਾ ਉਤਪੰਨ ਕਰਨ ਵਾਲੀਆਂ ਹਨ, ਜਿਹਨਾਂ ਨੂੰ ਕਈ ਮਨੁੱਖ ਨਹੀਂ ਜਾਣਦੇ । ਸੋ ਜਿਹੜੇ ਮਨੁੱਖ ਏਹਨਾਂ ਸ਼ੰਕਾ ਪੈਦਾ ਕਰਨ ਵਾਲੀਆਂ ਗੱਲਾਂ ਤੋਂ ਬਚੇ ਰਹਿੰਦੇ ਹਨ, ਓਹਨਾਂ ਨੇ ਆਪਣੇ ਆਪ ਨੂੰ ਤੇ ਆਪਣੀ ਇੱਜ਼ਤ ਨੂੰ ਸੁਰੱਖਿਅਤ ਕਰ ਲਿਆ, ਜਿਹੜੇ ਇਹਨਾਂ ਸ਼ੰਕਾ ਪੈਦਾ ਕਰਨ ਵਾਲੀਆਂ ਗੱਲਾਂ ਵਿਚ ਪੈ ਗਏ, ਓਹਨਾਂ ਮਨੁੱਖਾਂ ਦੀ ਅਵਸਥਾ ਓਸ ਚਰਵਾਹੇ (ਜਾਨਵਰ ਚਾਰਨ ਵਾਲਾ) ਜਿਹੀ ਹੈ, ਜਿਹੜਾ ਕਿ ਆਪਣੇ ਜਾਨਵਰਾਂ ਨੂੰ ਕਿਸੇ ਗ਼ੈਰ ਦੇ ਇਲਾਕੇ ਦੀ ਸੀਮਾ ਨੇੜੇ ਚਾਰਦਾ ਹੈ । ਹੋ ਸਕਦਾ ਹੈ ਕਿ ਉਹਦੇ ਜਾਨਵਰ ਉਸ (ਗ਼ੈਰ) ਇਲਾਕੇ ਵਿਚ ਜਾ ਵੜਨ । ਵੇਖੋ ! ਹਰ ਇਕ ਬਾਦਸ਼ਾਹ ਦਾ ਇਕ ਸੁਰੱਖਿਅਤ ਇਲਾਕਾ ਹੁੰਦਾ ਹੈ, ਜਿਹਦੇ ਵਿਚ ਕਿਸੇ (ਗ਼ੈਰ) ਨੂੰ ਜਾਣ ਦੀ ਆਗਿਆ ਨਹੀਂ ਹੁੰਦੀ । ਚੇਤੇ ਰੱਖੋ ! ਅੱਲਾਹ ਦਾ ਇਲਾਕਾ ਓਹਦੇ "ਮਹਾਰਮ" (ਹਰਾਮ ਕੀਤੀਆਂ ਗੱਲਾਂ ਜਾਂ ਸ਼ਰੀਅਤ ਦੀਆਂ ਹੱਦਾਂ) ਹਨ । ਸੁਣੋ ! ਮਨੁੱਖ ਦੇ ਸਰੀਰ ਵਿਚ ਗੋਸ਼ਤ ਦਾ ਇਕ ਟੁਕੜਾ ਹੈ, ਜਦ ਤੀਕ ਉਹ ਤੰਦਰੁਸਤ ਤੇ ਠੀਕ ਰਹੇ, ਸਾਰਾ ਸਰੀਰ ਤੰਦਰੁਸਤ ਤੇ ਠੀਕ ਰਹਿੰਦਾ ਹੈ, ਜਦ ਉਹ ਖ਼ਰਾਬ ਤੇ ਬੀਮਾਰ ਹੋ ਜਾਂਦਾ ਹੈ । ਸਾਰਾ ਸਰੀਰ ਬੀਮਾਰ ਤੇ ਬੇਵੱਸ ਹੋ ਜਾਂਦਾ ਹੈ ਅਤੇ ਚੰਗੀ ਤਰ੍ਹਾਂ ਚੇਤੇ ਰੱਖੋ ! ਕਿ ਇਹ ਗੋਸ਼ਤ ਦਾ ਟੁਕੜਾ ਇਨਸਾਨ ਦਾ ਦਿਲ ਹੈ । (ਮੁਸਲਿਮ ਸ਼ਰੀਫ਼ ਭਾਗ 2 ਪੰਨਾ 45)

# 15. ਸ਼ਾਦੀ ਵਿਆਹ

ਹਜ਼ਰਤ ਅਬੂ ਹੁਰੈਰਾ ਰਜ਼ੀਅੱਲਾਹ ਅਨਹੁ ਵਰਨਣ ਕਰਦੇ ਹਨ ਕਿ ਆਂਹਜ਼ਰਤ ਸਲ-ਲੱਲਾਹੁ ਅਲੈਹਿ ਵਸੱਲਮ ਨੇ ਫ਼ਰਮਾਇਆ ਕਿ ਇਕ ਇਸਤ੍ਰੀ ਨਾਲ ਵਿਆਹ ਕਰਨ ਦੇ ਚਾਰ ਹੀ ਕਾਰਨ ਹੋ ਸਕਦੇ ਹਨ, ਉਹਦੇ ਧਨ ਕਾਰਨ, ਖ਼ਾਨਦਾਨੀ ਸਤਿਕਾਰ ਕਾਰਨ, ਸੁੰਦਰਤਾ ਕਾਰਨ ਜਾਂ ਉਹਦੀ ਨੇਕੀ ਤੇ ਧਾਰਮਕ ਪਵਿੱਤਰਤਾ ਕਾਰਨ, ਪਰ ਤੂੰ ਨੇਕ ਤੇ ਧਾਰਮਕ ਰੁਚੀ ਰੱਖਣ ਵਾਲੀ ਇਸਤ੍ਰੀ ਨੂੰ ਪਹਿਲ ਦੇਵੀਂ । ਅੱਲਾਹ ਤੇਰਾ ਭਲਾ ਕਰੇ ! ਅਤੇ ਤੈਨੂੰ ਨੇਕ ਤੇ ਧਾਰਮਕ ਰੁਚੀ ਰੱਖਣ ਵਾਲੀ ਪਤਨੀ ਪਰਾਪਤ ਹੋ ਜਾਏ ।
(ਬੁਖ਼ਾਰੀ ਸ਼ਰੀਫ਼ ਕਿਤਾਬੁੱਨਿਕਾਹ ਭਾਗ 2 ਪੰਨਾ 762)

ਹਜ਼ਰਤ ਅਬੂਹੁਰੈਰਾ ਰਜ਼ੀਅੱਲਾਹ ਅਨਹੁ ਵਰਨਣ ਕਰਦੇ ਹਨ ਕਿ ਆਂਹਜ਼ਰਤ ਸਲ-ਲੱਲਾਹੁ ਅਲੈਹਿ ਵਸੱਲਮ ਨੇ ਫ਼ਰਮਾਇਆ ਕਿ ਵਿਆਹ ਵੇਲੇ ਦੀ ਸਭ ਤੋਂ ਭੈੜੀ ਦਾਅਵਤ

ਉਹ ਹੈ ਜਿਹਦੇ ਵਿਚ ਕੇਵਲ ਅਮੀਰਾਂ ਨੂੰ ਹੀ ਬੁਲਾਇਆ ਜਾਏ ਅਤੇ ਗ਼ਰੀਬਾਂ ਨੂੰ ਛੱਡ ਦਿੱਤਾ ਜਾਏ ਅਰੇ ਜਿਹੜਾ ਵਿਆਹ ਦੀ ਦਾਅਵਤ ਸਵੀਕਾਰ ਨਾ ਕਰੇ ਉਹ ਜਾਣੋ ਅਲੱਹ ਤੇ ਉਹਦੇ ਰਸੂਲ ਦਾ ਨਾ ਫ਼ਰਮਾਨ ਹੈ ।

(ਮੁਸਲਿਮ ਸ਼ਰੀਫ਼ ਕਿਤਾਬੁੱਨਿਕਾਹ ਭਾਗ 1 ਪੰਨਾ 645)

(ਬੁਖ਼ਾਰੀ ਸ਼ਰੀਫ਼ ਭਾਗ 2 ਪੰਨਾ 778)

ਹਜ਼ਰਤ ਇਬਨਿ ਉਮਰ ਰਜ਼ੀਅਲੱਾਹ ਅਨਹੁ ਬਿਆਨ ਕਰਦੇ ਹਨ ਕਿ ਆਂਹਜ਼ਰਤ ਸਲ-ਲੱਲਾਹੁ ਅਲੈਹਿ ਵਸੱਲਮ ਨੇ ਫ਼ਰਮਾਇਆ ਕਿ ਅਲੱਾਹ ਨੂੰ ਸਭ ਤੋਂ ਭੈੜੀ ਤੇ ਗੁੱਸਾ ਦਿਲਾਉਣ ਵਾਲੀ ਗੱਲ (ਆਪਣੀ ਪਤਨੀ ਨੂੰ) ਤਲਾਕ ਦੇਣਾ ਹੈ, ਇਹ ਠੀਕ ਹੈ ਕਿ ਲੋੜ ਪੈਣ ਉੱਤੇ ਇਸ ਦੀ ਇਜਾਜ਼ਤ ਤਾਂ ਹੈ, ਪਰ ਹੈ ਅਲੱਾਹ ਨੂੰ ਅਤਿ ਨਾ ਪਸੰਦ ।

(ਅਬੂਦਾਊਦ ਕਿਤਾਬੁੱਤਲਾਕ ਪੰਨਾ 296, ਇਬਨਿ ਮਾਜਾ ਪੰਨਾ 145)

ਤੁਹਾਡੇ ਵਿਚੋਂ ਸਭ ਤੋਂ ਭਲਾ ਪੁਰਖ ਉਹ ਹੈ, ਜਿਹੜਾ ਕਿ ਆਪਣੀ ਪਤਨੀ ਤੇ ਬੱਚਿਆਂ ਨਾਲ ਨੇਕ ਸਲੂਕ ਨਾਲ ਪੇਸ਼ ਆਉਂਦਾ ਹੈ, ਮੈਂ ਆਪਣੇ ਅਹਿਲੋ-ਇਯਾਲ (ਅਰਥਾਤ ਪਤਨੀ ਤੇ ਬੱਚਿਆਂ) ਨਾਲ ਤੁਹਾਡੇ ਸਾਰਿਆਂ ਨਾਲੋਂ ਵੱਧ ਕੇ ਨੇਕ ਸਲੂਕ ਕਰਦਾ ਹਾਂ ।

(ਅਬੂ ਦਾਊਦ)

# 16. ਆਚਰਨ

ਹਜ਼ਰਤ ਜਾਬਰ ਰਜ਼ੀਅਲੱਾਹ ਅਨਹੁ ਬਿਆਨ ਕਰਦੇ ਹਨ ਕਿ ਆਂਹਜ਼ਰਤ ਸਲ-ਲੱਲਾਹੁ ਅਲੈਹਿ ਵਸੱਲਮ ਨੇ ਫ਼ਰਮਾਇਆ ਕਿ ਕਿਆਮਤ ਦੇ ਦਿਹਾੜੇ ਤੁਹਾਡੇ ਵਿਚੋਂ ਸਭ ਤੋਂ ਵੱਧ ਕੇ ਮੈਨੂੰ ਪਿਆਰੇ ਤੇ ਮੇਰੇ ਸਭ ਤੋਂ ਨੇੜੇ ਓਹ ਲੋਕ ਹੋਣਗੇ, ਜਿਹੜੇ ਸਭ ਤੋਂ ਚੰਗੇ ਆਚਰਨ ਵਾਲੇ ਹੋਣਗੇ ਅਤੇ ਤੁਹਾਡੇ ਵਿਚੋਂ ਮੈਨੂੰ ਸਭ ਤੋਂ ਬਹੁਤਾ ਗੁੱਸਾ ਦਿਵਾਉਣ ਵਾਲੇ ਅਤੇ ਮੈਥੋਂ ਦੂਰ ਓਹ ਲੋਕ ਹੋਣਗੇ ਜਿਹੜੇ ਮੂੰਹ ਫੱਟ ਤੇ ਵੱਧ-ਚੜ੍ਹ ਕੇ ਗੱਲਾਂ ਬਨਾਉਣ ਵਾਲੇ, ਮੂੰਹ ਫੁਲਾ-ਫੁਲਾ ਕੇ ਗੱਲਾਂ ਕਰਨ ਵਾਲੇ ਅਤੇ ਲੋਕਾਂ ਨਾਲ ਹੰਕਾਰ ਤੇ ਘੁਮੰਡ ਨਾਲ ਪੇਸ਼ ਆਉਣ ਵਾਲੇ ਹਨ ।

(ਤਿਰਮਿਜ਼ੀ ਸ਼ਰੀਫ਼ ਭਾਗ 2 ਪੰਨਾ 22)

ਹਜ਼ਰਤ ਅਬੂ ਹੁਰੈਰਾ ਰਜ਼ੀਅਲੱਾਹ ਅਨਹੁ ਵਰਣਨ ਕਰਦੇ ਹਨ ਕਿ ਆਂਹਜ਼ਰਤ ਸਲ-ਲੱਲਾਹੁ ਅਲੈਹਿ ਵਸੱਲਮ ਨੇ ਫ਼ਰਮਾਇਆ ਕਿ ਮੈਨੂੰ ਉੱਚੇ ਤੇ ਸੁੱਚੇ ਆਚਰਨ ਦੀ ਪੂਰਨਤਾ ਲਈ ਭੇਜਿਆ ਗਿਆ ਹੈ ।

(ਅਲਸੁਨਨ ਪੰਨਾ 192)

ਹਜ਼ਰਤ ਅਬੂ ਹੁਰੈਰਾ ਰਜ਼ੀਅਲੱਾਹ ਅਨਹੁ ਬਿਆਨ ਕਰਦੇ ਹਨ ਕਿ ਆਂਹਜ਼ਰਤ ਸਲ-ਲੱਲਾਹੁ ਅਲੈਹਿ ਵਸੱਲਮ ਨੇ ਫ਼ਰਮਾਇਆ ਕਿ ਜਿਸ ਮਨੁੱਖ ਨੇ ਕਿਸੇ ਮੁਸਲਮਾਨ ਦੀ ਸੰਸਾਰਕ ਪਰੇਸ਼ਾਨੀ ਤੇ ਤਕਲੀਫ਼ ਨੂੰ ਦੂਰ ਕੀਤਾ, ਅਲੱਾਹ ਕਿਆਮਤ ਦੇ ਦਿਹਾੜੇ ਉਹਦੀਆਂ ਪਰੇਸ਼ਾਨੀਆਂ ਤੇ ਤਕਲੀਫ਼ਾਂ ਨੂੰ ਦੂਰ ਕਰੇਗਾ ਅਤੇ ਜਿਸ ਮਨੁੱਖ ਨੇ ਬੇਸਹਾਰੇ ਨੂੰ ਆਸਰਾ ਦਿੱਤਾ ਉਹਦੇ ਲਈ ਸਹੂਲਤ ਉਤਪੰਨ ਕੀਤੀ, ਅਲੱਾਹ ਕਿਆਮਤ ਦੇ ਦਿਹਾੜੇ ਉਹਨੂੰ ਵੀ ਆਸਾਨੀ ਤੇ ਆਰਾਮ ਦਏਗਾ। ਜਿਸ ਮੁਸਲਮਾਨ ਨੇ ਕਿਸੇ ਮੁਸਲਮਾਨ ਦੀ ਗ਼ਲਤੀ ਤੇ ਪਰਦਾ ਪਾਇਆ ਅਰਥਾਤ ਉਸ ਨੂੰ ਜ਼ਾਹਰ ਨਾ ਕੀਤਾ, ਅਲੱਾਹ ਕਿਆਮਤ ਦੇ ਦਿਹਾੜੇ ਉਹਦੀਆਂ ਗ਼ਲਤੀਆਂ ਉੱਤੇ ਪਰਦਾ ਪਾਏਗਾ। ਅਲੱਾਹ ਓਸ ਬੰਦੇ ਦੀ ਮਦਦ ਕਰੇਗਾ ਜਿਹੜਾ ਕਿ ਆਪਣੇ ਭਰਾ ਦੀ ਸਹਾਇਤਾ ਲਈ ਤਿਆਰ ਰਹਿੰਦਾ ਹੈ। ਜਿਹੜਾ ਮਨੁੱਖ ਵਿਦਿਆ ਦੀ ਭਾਲ ਵਿਚ ਨਿਕਲਦਾ ਹੈ ਅਲੱਾਹ ਉਹਦੇ ਲਈ ਸਵਰਗ ਵੱਲ ਜਾਣ ਦਾ ਮਾਰਗ ਆਸਾਨ ਕਰ ਦਿੰਦਾ ਹੈ। ਜਿਹੜੇ ਲੋਕ ਅਲੱਾਹ ਦੇ ਘਰਾਂ ਅਰਥਾਤ ਮਸਜਿਦਾਂ ਵਿਚ ਬਹਿ ਕੇ ਅਲੱਾਹ ਦੀ ਪੁਸਤਕ (ਅਰਥਾਤ ਕੁਰਆਨ ਮਜੀਦ) ਪੜ੍ਹਦੇ ਹਨ ਅਤੇ ਉਹਦੇ ਪੜ੍ਹਣ ਪੜ੍ਹਾਉਣ ਵਿਚ ਲੱਗੇ ਰਹਿੰਦੇ ਹਨ, ਅਲੱਾਹ ਓਹਨਾਂ ਉੱਤੇ ਸ਼ਾਂਤੀ ਉਤਾਰਦਾ ਹੈ, ਅਲੱਾਹ ਦੀ ਰਹਿਮਤ ਓਹਨਾਂ ਨੂੰ ਲੁਕਾਏ ਰੱਖਦੀ ਹੈ। ਫ਼ਰਿਸ਼ਤੇ ਓਹਨਾਂ ਦਾ (ਉਹਨਾਂ ਦੀ ਰੱਖਿਆ ਵਜੋਂ) ਪਹਿਰਾ ਦਿੰਦੇ ਰਹਿੰਦੇ ਹਨ, ਅਲੱਾਹ ਓਹਨਾਂ ਦੀ ਯਾਦ ਆਪਣੇ ਨਜ਼ਦੀਕੀ ਬੰਦਿਆਂ ਵਿਚ ਕਰਦਾ ਰਹਿੰਦਾ ਹੈ। ਜਿਹੜਾ ਮਨੁੱਖ ਨੇਕ ਕੰਮ ਕਰਨ ਵਿਚ ਢਿਲ ਵਰਤਦਾ ਹੈ, (ਪਰ ਚੇਤੇ ਰੱਖੋ) ਕਿ ਉਹਦਾ ਕੇਵਲ ਜ਼ਾਤ ਦਾ ਉੱਚਿਆਂ ਹੋਣਾ ਜਾਂ ਚੰਗੇ ਖ਼ਾਨਦਾਨ ਵਿਚੋਂ ਹੋਣਾ, ਉਹਨੂੰ ਸਵਰਗ ਵਿਚ ਨਹੀਂ ਲਿਜਾ ਸਕਦੇ।

(ਮੁਸਲਿਮ ਸ਼ਰੀਫ਼ ਕਿਤਾਬੁਜ਼ਿਕਰ ਪੰਨਾ 231)

ਹਜ਼ਰਤ ਅਬੂ ਹੁਰੈਰਾ ਰਜ਼ੀਅਲੱਾਹ ਅਨਹੁ ਬਿਆਨ ਕਰਦੇ ਹਨ ਕਿ ਆਂਹਜ਼ਰਤ ਸਲ-ਲੱਲਾਹ ਅਲੈਹਿ ਵਸੱਲਮ ਨੇ ਫ਼ਰਮਾਇਆ ਕਿ ਅਲੱਾਹ ਕਿਆਮਤ (ਪਰਲੋ) ਦੇ ਦਿਹਾੜੇ ਫ਼ਰਮਾਏਗਾ, ਹੇ ਆਦਮ ਦੇ ਬੇਟੇ ! ਮੈਂ ਬੀਮਾਰ ਹੋਇਆ ਸੀ, ਤੂੰ ਮੇਰੀ ਖ਼ਬਰਗੀਰੀ ਨਾ ਕੀਤੀ। ਇਸ ਤੇ ਉਹ ਉੱਤਰ ਦੇਵੇਗਾ ਕਿ ਤੂੰ ਤਾਂ ਪਾਲਨਹਾਰ ਤੇ ਸਾਜਨਹਾਰ ਹੈਂ ! ਤੂੰ ਕਿਵੇਂ ਬੀਮਾਰ ਹੋ ਸਕਦਾ ਹੈਂ ਅਤੇ ਮੈਂ ਤੇਰੀ ਖ਼ਬਰਗੀਰੀ ਕਿਵੇਂ ਕਰਦਾ। ਅਲੱਾਹ ਕਹੇਗਾ ਕਿ ਕੀ ਤੈਨੂੰ ਇਹ ਪਤਾ ਨਹੀਂ ਲੱਗਾ ਸੀ ਕਿ ਮੇਰਾ ਫ਼ਲਾਂ ਬੰਦਾ ਬੀਮਾਰ ਹੈ ਤੇ ਮੈਂ ਉਹਦੀ ਖ਼ਬਰਗੀਰੀ ਕਰਨ ਲਈ ਨਹੀਂ ਗਿਆ ਸੀ। ਕੀ ਤੈਨੂੰ ਇਹ ਅਕਲ ਨਾ ਆਈ ਕਿ ਜੇਕਰ ਤੂੰ ਉਹਦੀ ਖ਼ਬਰਗੀਰੀ ਕਰਦਾ ਤਾਂ ਮੈਨੂੰ ਉਹਦੇ ਕੋਲ ਵੇਖਦਾ ਅਤੇ ਇਸ ਤਰ੍ਹਾਂ ਉਹਦੀ ਖ਼ਬਰਗੀਰੀ ਇਕ ਪ੍ਰਕਾਰ ਨਾਲ ਮੇਰੀ ਖ਼ਬਰਗੀਰੀ ਹੀ ਹੁੰਦੀ। ਹੇ ਆਦਮ ਦੇ ਬੇਟੇ ! ਮੈਂ ਤੈਥੋਂ ਖਾਣਾ ਮੰਗਿਆ ਸੀ, ਪਰ ਤੂੰ ਮੈਨੂੰ ਖਾਣਾ ਨਾ ਖਵਾਇਆ, ਉਹ (ਬੰਦਾ) ਕਹੇਗਾ ਕਿ ਹੇ ਮੇਰੇ ਰੱਬ ! ਤੂੰ ਤੇ ਪਾਲਨਹਾਰ ਤੇ ਸਾਜਨਹਾਰ ਹੈਂ, ਖਾਣਾ ਖਾਣ ਤੋਂ ਰਹਿਤ ਹੈਂ, ਮੈਂ ਤੈਨੂੰ ਖਾਣਾ ਕਿਵੇਂ ਖਵਾਉਂਦਾ, ਅਲੱਾਹ ਕਹੇਗਾ ਕਿ ਤੈਨੂੰ ਇਹ ਜਾਣਕਾਰੀ ਨਹੀਂ ਕਿ ਮੇਰੇ

ਇਕ ਬੰਦੇ ਨੇ ਤੇਥੋਂ ਖਾਣਾ ਮੰਗਿਆ ਸੀ ਤੇ ਤੂੰ ਉਹਨੂੰ ਖਾਣਾ ਨਹੀਂ ਖਵਾਇਆ ਸੀ। ਕੀ ਤੈਨੂੰ ਇਹ ਸਮਝ ਨਾ ਆਈ ਕਿ ਜੇਕਰ ਤੂੰ ਉਹਨੂੰ ਖਾਣਾ ਖਵਾਉਂਦਾ ਤਾਂ ਇਕ ਤਰ੍ਹਾਂ ਨਾਲ ਉਹ ਖਾਣਾ ਮੈਨੂੰ ਹੀ ਖਵਾਇਆ ਹੁੰਦਾ। ਹੇ ਆਦਮ ਦੇ ਬੇਟੇ ! ਮੈਂ ਤੇਥੋਂ ਪਾਣੀ ਮੰਗਿਆ ਸੀ, ਪਰ ਤੂੰ ਮੈਨੂੰ ਪਾਣੀ ਨਾ ਪਿਆਇਆ, ਉਹ ਕਹੇਗਾ ਕਿ ਹੇ ਮੇਰੇ ਪਾਲਨਹਾਰ ਤੇ ਸਾਜਨਹਾਰ ! ਤੂੰ ਤੇ ਤ੍ਰੇਹ ਤੋਂ ਰਹਿਤ ਹੈਂ ਮੈਂ ਤੈਨੂੰ ਪਾਣੀ ਕਿਵੇਂ ਪਿਆਉਂਦਾ। ਅੱਲਾਹ ਕਹੇਗਾ ਕਿ ਮੇਰੇ ਫ਼ਲਾਂ ਬੰਦੇ ਨੇ ਤੇਥੋਂ ਪਾਣੀ ਮੰਗਿਆ ਸੀ ਤੇ ਤੂੰ ਉਹਨੂੰ ਪਾਣੀ ਨਹੀਂ ਪਿਲਾਇਆ ਸੀ। ਕੀ ਤੈਨੂੰ ਇਹ ਸਮਝ ਨਾ ਆਈ ਕਿ ਜੇਕਰ ਤੂੰ ਉਹਨੂੰ ਪਾਣੀ ਪਿਲਾਉਂਦਾ ਤਾਂ ਇਸ ਤਰ੍ਹਾਂ ਸਮਝੋ ਕਿ ਉਹ ਪਾਣੀ ਤੂੰ ਮੈਨੂੰ ਹੀ ਪਿਲਾਇਆ ਹੁੰਦਾ ਅਤੇ ਇਸ ਦਾ ਵਟਾਂਦਰਾ ਮੈਂ ਤੈਨੂੰ ਜ਼ਰੂਰ ਦਿੰਦਾ।

(ਮੁਸਲਿਮ ਸ਼ਰੀਫ਼ ਭਾਗ 2 ਪੰਨਾ 187)

ਆਂਹਜ਼ਰਤ ਸਲ-ਲੱਲਾਹੁ ਅਲੈਹਿ ਵਸੱਲਮ ਨੇ ਫ਼ਰਮਾਇਆ ਕਿ ਜੇਕਰ ਤੁਸੀਂ ਲੋਕਾਂ ਦੀ ਆਪਣੇ ਧਨ ਨਾਲ ਸਹਾਇਤਾ ਨਹੀਂ ਕਰ ਸਕਦੇ ਤਾਂ ਘਟੋ ਘੱਟ ਓਹਨਾਂ ਨਾਲ ਚੰਗੇ ਕਰੈਕਟਰ, ਖਿੜੇ ਮੱਥੇ ਅਤੇ ਹੱਸਦੇ ਮੁਖੜੇ ਨਾਲ ਤਾਂ ਮਿਲੋ, ਤਾਂ ਜੋ ਉਹਨਾਂ ਨਾਲ ਇਸ ਤਰ੍ਹਾਂ ਹੀ ਕੁਝ ਨਾ ਕੁਝ ਹਮਦਰਦੀ ਹੋ ਜਾਏ।

(ਰਿਸਾਲਾ ਕੁਸ਼ੈਰਿਆ ਬਾਬੁਲ ਖ਼ਲਕ ਪੰਨਾ 121)

# 17. ਇਸਲਾਮੀ ਭਾਈਚਾਰਾ

ਹਜ਼ਰਤ ਅਨੀਸ ਰਜ਼ੀਅੱਲਾਹ ਅਨਹੁ ਵਰਨਣ ਕਰਦੇ ਹਨ ਕਿ ਆਂਹਜ਼ਰਤ ਸਲ-ਲੱਲਾਹੁ ਅਲੈਹਿ ਵਸੱਲਮ ਨੇ ਫ਼ਰਮਾਇਆ ਕਿ ਕੋਈ ਉਸ ਸਮੇਂ ਤੱਕ ਮੋਮਨ (ਮੁਸਲਮਾਨ) ਨਹੀਂ ਹੋ ਸਕਦਾ ਜਦ ਤੱਕ ਕਿ ਉਹ ਦੂਜਿਆਂ ਲਈ ਵੀ ਉਹੀ ਚੀਜ਼ ਪਸੰਦ ਨਾ ਕਰੇ ਜਿਹਨੂੰ ਉਹ ਆਪਣੇ ਲਈ ਪਸੰਦ ਕਰਦਾ ਹੈ ਅਰਥਾਤ ਜੇ ਕਰ ਉਹ ਆਪਣੇ ਲਈ ਅਰਾਮ ਸ਼ਾਂਤੀ ਤੇ ਭਲਾਈ ਚਾਹੁੰਦਾ ਹੈਂ ਤਾਂ ਦੂਜਿਆਂ ਲਈ ਵੀ ਇਹੀ ਚਾਹੇ।

(ਬੁਖ਼ਾਰੀ ਸ਼ਰੀਫ਼ ਭਾਗ 1 ਪੰਨਾ 6)

ਹਜ਼ਰਤ ਅਬੂਹੁਰੈਰਾ ਰਜ਼ੀਅੱਲਾਹ ਅਨਹੁ ਵਰਨਣ ਕਰਦੇ ਹਨ ਕਿ ਆਂਹਜ਼ਰਤ ਸਲ-ਲੱਲਾਹੁ ਅਲੈਹਿ ਵਸੱਲਮ ਨੇ ਆਪ ਨੂੰ ਫ਼ਰਮਾਇਆ ਕਿ ਤੁਸੀਂ ਸਦਾ ਸੱਚ ਬੋਲਣਾ ਤਾਂ ਹੀ ਤੁਸੀਂ ਚੰਗੇ ਭਗਤੀਵਾਨ ਹੋਵੋਗੇ ਅਤੇ ਸਦਾ ਸ਼ਾਂਤ ਰਹਿਣਾ ਤਾਂ ਜੋ ਤੁਸੀਂ ਚੰਗੇ ਸ਼ੁਕਰ ਕਰਨ ਵਾਲੇ ਬਣ ਸਕੋ। ਜਿਹੜੀ ਚੀਜ਼ ਤੁਸੀਂ ਆਪਣੇ ਲਈ ਪਸੰਦ ਕਰਦੇ ਹੋ ਉਹੀ ਦੂਜਿਆਂ ਲਈ ਵੀ ਪਸੰਦ ਕਰਨਾ ਤਾਂ ਤੁਸੀਂ ਸੱਚੇ ਮੋਮਨ (ਮੁਸਲਮਾਨ) ਹੋਵੋਗੇ। ਆਪਣੇ ਗਵਾਂਢੀ ਨਾਲ ਚੰਗਾ ਵਰਤਾਓ ਕਰੋ ਤਾਂ ਤੁਸੀਂ ਸੱਚੇ ਮੁਸਲਮਾਨ ਗਿਣੇ ਜਾਓਗੇ ਅਤੇ ਖਿੜ-ਖਿੜਾ ਕੇ ਨਾ ਹੱਸਿਆ ਕਰੋ ਕਿਉਂ ਜੋ ਕਈ ਵਾਰ ਖਿੜਖੜਾ ਕੇ ਹੱਸਣਾ ਮੌਤ ਦਾ ਕਾਰਨ ਬਣ ਜਾਂਦਾ ਹੈ।

(ਇਬਨਿ ਮਾਜਾ ਭਾਗ 2 ਪੰਨਾ 287)

ਹਜ਼ਰਤ ਅਬਦੁੱਲਾਹ ਇਬਨਿ (ਸਪੁੱਤਰ) ਸਲਾਮ ਰਜ਼ੀਅਲੱਾਹ ਅਨਹੁ ਕਹਿੰਦੇ ਹਨ ਕਿ ਮੈਂ ਆਂਹਜ਼ਰਤ ਸਲ-ਲੱਲਾਹੁ ਅਲੈਹਿ ਵਸੱਲਮ ਨੂੰ ਇਹ ਫ਼ਰਮਾਉਂਦੇ ਹੋਏ ਸੁਣਿਆ ਕਿ ਹੇ ਲੋਕੋ ! (ਇਕ ਦੂਜੇ) ਨੂੰ ਸਲਾਮ ਕਰਨ ਦਾ ਤਰੀਕ ਜਾਰੀ ਕਰੋ । ਲੋੜਵੰਦ ਨੂੰ ਖਾਣਾ ਖਵਾਓ, ਆਪਸ ਵਿਚ ਹਮਦਰਦੀ ਪੈਦਾ ਕਰੋ ਅਤੇ ਓਸ ਸਮੇਂ ਨਮਾਜ਼ ਪੜ੍ਹੋ ਜਦ ਲੋਕ ਸੁਤੇ ਹੋਏ ਹੋਣ ਜੇਕਰ ਤੁਸੀਂ ਅਜਿਹਾ ਕਰੋਗੇ ਤਾਂ ਸਲਾਮਤੀ ਨਾਲ ਸਵਰਗ ਵਿਚ ਚਲੇ ਜਾਓਗੇ ।

(ਤਿਰਮਿਜ਼ੀ ਸਰੀਫ਼ ਭਾਗ 2 ਪੰਨਾ 72)

ਹਜ਼ਰਤ ਇਬਨਿ ਮਸਊਦ (ਹਜ਼ਰਤ ਮਸਊਦ ਦੇ ਸਪੁੱਤਰ) ਰਜ਼ੀਅਲੱਾਹੁ ਅਨਹੁ ਵਰਨਣ ਕਰਦੇ ਹਨ ਕਿ ਆਂਹਜ਼ਰਤ ਸਲ-ਲੱਲਾਹੁ ਅਲੈਹਿ ਵਸੱਲਮ ਨੇ ਫ਼ਰਮਾਇਆ ਕਿ ਜਦ ਤੁਸੀਂ ਤਿੰਨ ਹੋਵੋ ਤਾਂ ਤੁਹਾਡੇ ਵਿਚੋਂ ਦੋ ਅਡਰੇ ਹੋ ਕੇ ਗੱਲਾਂ ਨਾ ਕਰਨ ਜਦ ਤਕ ਕਿ ਦੂਜੇ ਲੋਕਾਂ ਨਾਲ ਨਾ ਰਲ ਜਾਓ ਕਿਉਂ ਜੋ ਇਸ ਤਰ੍ਹਾਂ ਤੀਜੇ ਆਦਮੀ ਨੂੰ ਅਫ਼ਸੋਸ ਹੁੰਦਾ ਹੈ ਕਿ ਨਾ ਜਾਣੇ ਏਹਨਾਂ ਨੇ ਮੇਰੇ ਕੋਲੋਂ ਕਿਹੜੀ ਗੱਲ ਲੁਕਾਈ ਹੈ ।

(ਮੁਸਲਿਮ ਸ਼ਰੀਫ਼ ਕਿਤਾਬੁੱਸਲਾਮ ਭਾਗ 2 ਪੰਨਾ 13)

ਹਜ਼ਰਤ ਅਬੂ ਹੁਰੈਰਾ ਰਜ਼ੀਅਲੱਾਹ ਅਨਹੁ ਬਿਆਨ ਕਰਦੇ ਹਨ ਕਿ ਆਂਹਜ਼ਰਤ ਸਲ-ਲੱਲਾਹੁ ਅਲੈਹਿ ਵਸੱਲਮ ਦੀ ਆਦਤ ਸੀ ਕਿ ਜਦ ਆਪ ਨੂੰ ਛਿੱਕ ਆਉਂਦੀ ਤਾਂ ਆਪਣਾ ਹੱਥ ਜਾਂ ਕਪੜਾ ਮੂੰਹ ਦੇ ਸਾਹਮਣੇ ਰੱਖ ਲੈਂਦੇ ਅਤੇ ਜਿੱਥੋਂ ਤਕ ਹੋ ਸਕਦਾ ਆਵਾਜ਼ ਨੂੰ ਦਬਾ ਲੈਂਦੇ ।

(ਤਿਰਮਿਜ਼ੀ ਸ਼ਰੀਫ਼ ਕਿਤਾਬੁਲ ਇਸਤੀਜ਼ਾਨ ਭਾਗ 2 ਪੰਨਾ 99)

# 18. ਮਨੁੱਖੀ ਅਧਿਕਾਰ

ਹਜ਼ਰਤ ਅਬੂ ਹੁਰੈਰਾ ਰਜ਼ੀਅਲੱਾਹ ਅਨਹੁ ਬਿਆਨ ਕਰਦੇ ਹਨ ਕਿ ਆਂਹਜ਼ਰਤ ਸਲ-ਲੱਲਾਹੁ ਅਲੈਹਿ ਵਸੱਲਮ ਨੇ ਫ਼ਰਮਾਇਆ ਜਿਹੜਾ ਇਨਸਾਨ ਲੋਕਾਂ ਦਾ ਸ਼ੁਕਰ ਅਦਾ ਨਹੀਂ ਕਰਦਾ ਉਹ ਅਲੱਾਹ ਦਾ ਸ਼ੁਕਰ ਵੀ ਅਦਾ ਨਹੀਂ ਕਰਦਾ ਅਰਥਾਤ ਉਹ ਅਲੱਾਹ ਦੀ ਨਿਅਮਤ ਤੇ ਇਹਸਾਨ ਦੀ ਕਦਰ ਨੂੰ ਨਹੀਂ ਪਹਿਚਾਨਦਾ ।

(ਤਿਰਮਿਜ਼ੀ ਸ਼ਰੀਫ਼ ਭਾਗ 2 ਪੰਨਾ 17)

# 19. ਮਾਤਾ ਪਿਤਾ ਨਾਲ ਨੇਕ ਵਰਤਾਉ

ਹਜ਼ਰਤ ਅਬੂਹੁਰੈਰਾ ਰਜ਼ੀਅਲੱਾਹ ਅਨਹੁ ਕਹਿੰਦੇ ਹਨ ਕਿ ਇਕ ਬੰਦਾ ਆਂਹਜ਼ਰਤ ਸਲ-ਲੱਲਾਹੁ ਅਲੈਹਿ ਵਸੱਲਮ ਦੀ ਸੇਵਾ ਵਿਚ ਹਾਜ਼ਰ ਹੋਇਆ ਤੇ ਅਰਜ਼ ਕੀਤੀ ਕਿ ਲੋਕਾਂ ਵਿਚੋਂ ਮੇਰੇ ਚੰਗੇ ਵਰਤਾਉ ਦੇ ਕਿਹੜੇ ਹਕਦਾਰ ਹਨ, ਆਪ ਨੇ ਫ਼ਰਮਾਇਆ, ਤੇਰੀ ਮਾਂ । ਫੇਰ ਉਹਨੇ ਪੁੱਛਿਆ ਫੇਰ ਕੌਣ ? ਆਪ ਨੇ ਫ਼ਰਮਾਇਆ, ਤੇਰੀ ਮਾਂ । ਉਹਨੇ ਫੇਰ ਪੁੱਛਿਆ ਫੇਰ ਕੌਣ ? ਆਪ ਨੇ ਫ਼ਰਮਾਇਆ, ਤੇਰੀ ਮਾਂ । ਓਹਨੇ ਚੌਥੀ ਵਾਰ ਪੁੱਛਿਆ ਫੇਰ ਕੌਣ ?

ਆਪ ਨੇ ਫ਼ਰਮਾਇਆ, ਮਾਂ ਤੋਂ ਮਗਰੋਂ ਤੇਰਾ ਪਿਤਾ ਤੇਰੇ ਚੰਗੇ ਸਲੂਕ ਦਾ ਜ਼ਿਆਦਾ ਹਕਦਾਰ ਹੈ ਇਸ ਮਗਰੋਂ ਦਰਜੇ ਦੇ ਲਿਹਾਜ਼ ਨਾਲ ਤੇਰੇ ਨੇੜੇ ਦੇ ਰਿਸ਼ਤੇਦਾਰ।

(ਬੁਖ਼ਾਰੀ ਸ਼ਰੀਫ਼ ਕਿਤਾਬੁਲ ਅਦਬ ਭਾਗ 2 ਪੰਨਾ 883,
ਮੁਸਲਿਮ ਸ਼ਰੀਫ਼ ਭਾਗ 2 ਪੰਨਾ 171)

ਹਜ਼ਰਤ ਅਬੂਹੁਰੈਰਾ ਰਜ਼ੀਅਲੱਾਹ ਅਨਹੁ ਵਰਨਣ ਕਰਦੇ ਹਨ ਕਿ ਆਂਹਜ਼ਰਤ ਸਲ-ਲੱਲਾਹੁ ਅਲੈਹਿ ਵਸੱਲਮ ਨੇ ਫ਼ਰਮਾਇਆ, ਮਿੱਟੀ 'ਚ ਮਿਲੇ ਉਹਦੀ ਨੱਕ, ਮਿੱਟੀ 'ਚ ਮਿਲੇ ਉਹਦੀ ਨੱਕ (ਇਹ ਸ਼ਬਦ ਆਪ ਨੇ ਤਿੰਨ ਵਾਰ ਕਹੇ) ਅਰਥਾਤ ਅਜਿਹਾ ਇਨਸਾਨ ਅਤਿ ਜ਼ਲੀਲ ਤੇ ਬਦਕਿਸਮਤ ਹੈ ਜਿਹਨੇ ਆਪਣੇ ਬੁੱਢੇ ਮਾਤਾ-ਪਿਤਾ ਨੂੰ ਪਾਇਆ, ਪਰ ਉਹ ਓਹਨਾਂ ਦੀ ਸੇਵਾ ਕਰਕੇ ਸਵਰਗ ਨੂੰ ਪ੍ਰਾਪਤ ਨਾ ਕਰ ਸਕਿਆ।

(ਮੁਸਲਿਮ ਸ਼ਰੀਫ਼ ਭਾਗ 2 ਪੰਨਾ 173)

# 20. ਗੁਆਂਢੀ ਦੇ ਅਧਿਕਾਰ

ਹਜ਼ਰਤ ਆਇਸ਼ਾ ਰਜ਼ੀ ਅਲੱਾਹ ਅਨਹਾ ਵਰਨਣ ਕਰਦੇ ਹਨ ਕਿ ਆਂਹਜ਼ਰਤ ਸਲ-ਲੱਲਾਹੁ ਅਲੈਹਿ ਵਸਲੱਮ ਫ਼ਰਮਾਉਂਦੇ ਸਨ ਕਿ ਜਿਬਰਾਈਲ ਨੇ ਮੈਨੂੰ ਗੁਆਂਢੀ ਦੇ ਸੰਬੰਧ 'ਵਚ ਅਲੱਾਹ ਵਲੋਂ ਬਾਰ-ਬਾਰ ਇਹ ਤਾਕੀਦ ਕੀਤੀ ਕਿ ਮੈਨੂੰ ਇਹ ਸ਼ੱਕ ਹੋਣ ਲੱਗਾ ਕਿ ਉਹ (ਅਰਥਾਤ ਜਿਬਰਾਈਲ) ਇਹਨੂੰ (ਅਰਥਾਤ ਗੁਆਂਢੀ ਨੂੰ) ਕਿਤੇ ਵਾਰਸ ਹੀ ਕਰਾਰ ਨਾ ਦੇ ਦੇਵੇ।

ਹਜ਼ਰਤ ਅਬੂਹੁਰੈਰਾ ਰਜ਼ੀਅਲੱਾਹ ਅਨਹੁ ਕਹਿੰਦੇ ਹਨ ਕਿ ਆਂਹਜ਼ਰਤ ਸਲ-ਲੱਲਾਹੁ ਅਲੈਹਿ ਵਸੱਲਮ ਨੇ ਫ਼ਰਮਾਇਆ ਕਿ ਜਿਹੜਾ ਇਨਸਾਨ ਅਲੱਾਹ ਤੇ ਆਖ਼ਰਤ (ਪਰਲੈ) ਦੇ ਦਿਨ ਉੱਤੇ ਈਮਾਨ ਰੱਖਦਾ ਹੈ ਅਰਥਾਤ ਸੱਚਾ ਮੋਮਨ ਹੈ, ਉਹ ਆਪਣੇ ਗਵਾਂਢੀ ਨੂੰ ਤਕਲੀਫ਼ ਨਾ ਦੇਵੇ, ਜਿਹੜਾ ਇਨਸਾਨ ਅਲੱਾਹ ਤੇ ਆਖ਼ਰਤ (ਪਰਲੈ) ਉੱਤੇ ਈਮਾਨ ਰੱਖਦਾ ਹੈ ਉਹ ਆਪਣੇ ਪਰਾਉਹੁਣੇ ਦਾ ਸਤਿਕਾਰ ਕਰੇ। ਜਿਹੜਾ ਇਨਸਾਨ ਅਲੱਾਹ ਤੇ ਆਖ਼ਰਤ (ਪਰਲੈ) ਉੱਤੇ ਈਮਾਨ ਰੱਖਦਾ ਹੈ ਉਹ ਭਲਾਈ ਤੇ ਨੇਕੀ ਦੀ ਗੱਲ ਕਹੇ ਜਾਂ ਫੇਰ ਚੁੱਪ ਰਹੇ।

(ਬੁਖ਼ਾਰੀ ਸ਼ਰੀਫ਼ ਕਿਤਾਬੁਲ ਅਦਬ ਭਾਗ 2 ਪੰਨਾ 889)

ਹਜ਼ਰਤ ਅਬੂ ਹੁਰੈਰਾ ਰਜ਼ੀਅਲੱਾਹ ਅਨਹੁ ਬਿਆਨ ਕਰਦੇ ਹਨ ਕਿ ਆਂਹਜ਼ਰਤ ਸਲ-ਲੱਲਾਹੁ ਅਲੈਹਿ ਵਸਲੱਮ ਨੇ ਫ਼ਰਮਾਇਆ ਅਲੱਾਹ ਦੀ ਕਸਮ ! ਉਹ ਇਨਸਾਨ ਮੋਮਨ ਨਹੀਂ ਖ਼ੁਦਾ ਦੀ ਕਸਮ ! ਉਹ ਇਨਸਾਨ ਮੋਮਨ ਨਹੀਂ, ਖ਼ੁਦਾ ਦੀ ਕਸਮ ! ਉਹ ਇਨਸਾਨ ਮੋਮਨ ਨਹੀਂ ਹੈ। ਆਪ ਤੋਂ ਪੁੱਛਿਆ ਗਿਆ ਕਿ ਹੇ ਅਲੱਾਹ ਦੇ ਰਸੂਲ ! ਕੌਣ ਮੋਮਨ ਨਹੀਂ ਹੈ ? ਆਪ ਨੇ ਫ਼ਰਮਾਇਆ ਉਹ ਇਨਸਾਨ ਜਿਹਦਾ ਗਵਾਂਢੀ ਉਹਦੀਆਂ ਸ਼ਰਾਰਤਾਂ ਤੋਂ ਅਤੇ ਉਹਦੇ ਅਚਾਨਕ ਹਮਲਿਆਂ ਤੋਂ ਸੁਰੱਖਿਅਤ ਨਹੀਂ ਹੈ।

(ਬੁਖ਼ਾਰੀ ਸ਼ਰੀਫ਼ ਕਿਤਾਬੁਲ ਅਦਬ ਭਾਗ 2 ਪੰਨਾ 889)

# 21. ਕਮਜ਼ੋਰਾਂ ਨਾਲ ਹਮਦਰਦੀ

ਹਜ਼ਰਤ ਅਬੂ ਹੁਰੈਰਾ ਰਜ਼ੀਅੱਲਾਹ ਅਨਹੁ ਬਿਆਨ ਕਰਦੇ ਹਨ ਕਿ ਆਂਹਜ਼ਰਤ ਸਲ-ਲੱਲਾਹੁ ਅਲੈਹਿ ਵਸਲੱਮ ਨੇ ਫ਼ਰਮਾਇਆ ਕਿ ਕਈ ਲੋਕ ਖਿਲਰੇ ਵਾਲਾਂ ਵਾਲੇ ਤੇ ਘੱਟੇ ਮਿੱਟੀ ਨਾਲ ਭਰੇ ਹੋਏ ਦਿਸਦੇ ਹਨ ਅਤੇ ਲੋਕਾਂ ਦੇ ਬੂਹੇ ਓਹਨਾਂ ਨੂੰ ਖ਼ੈਰਾਤ ਦੇਣ ਲਈ ਓਹਨਾਂ ਵਾਸਤੇ ਬੰਦ ਹੋ ਜਾਂਦੇ ਹਨ, ਪਰ ਓਹਨਾਂ ਦਾ ਖ਼ੁਦਾ ਨਾਲ ਅਜਿਹਾ ਸੰਬੰਧ ਹੁੰਦਾ ਹੈ ਕਿ ਜੇਕਰ ਉਹ ਖ਼ੁਦਾ ਲਈ ਉਹਦੀ ਕਸਮ ਖਾ ਕੇ ਕੋਈ ਗੱਲ ਕਹਿਣ ਤਾਂ ਖ਼ੁਦਾ ਉਹਨੂੰ ਪੂਰੀ ਕਰ ਦਿੰਦਾ ਹੈ।

(ਮੁਸਲਿਮ ਸ਼ਰੀਫ਼ ਕਿਤਾਬੁਲ ਜੰਨਤ ਭਾਗ 2 ਪੰਨਾ 296)

ਹਜ਼ਰਤ ਅਬੂ ਹੁਰੈਰਾ ਰਜ਼ੀਅੱਲਾਹ ਅਨਹੁ ਬਿਆਨ ਕਰਦੇ ਹਨ ਕਿ ਉਹਨਾਂ ਨੇ ਆਂਹਜ਼ਰਤ ਸਲ-ਲੱਲਾਹੁ ਅਲੈਹਿ ਵਸਲੱਮ ਨੂੰ ਫ਼ਰਮਾਉਂਦਿਆਂ ਸੁਣਿਆ ਕਿ ਮੈਨੂੰ ਗਰੀਬਾਂ ਤੇ ਮਸਕੀਨਾਂ ਵਿਚ ਲੱਭੋ ਕਿਉਂ ਜੁ ਤੁਹਾਨੂੰ ਇਹਨਾਂ ਮਸਕੀਨਾਂ ਦੀ ਮਿਹਨਤ ਸਦਕਾ (ਹੀ) ਸਹਾਇਤਾ ਮਿਲਦੀ ਹੈ।

(ਤਿਰਮਿਜ਼ੀ ਸ਼ਰੀਫ਼ ਕਿਤਾਬੁਲ ਜਿਹਾਦ ਭਾਗ 1 ਪੰਨਾ 203)

# 22. ਖਿਮਾ ਤੇ ਦਰ-ਗੁਜ਼ਰ

ਹਜ਼ਰਤ ਮਆਜ਼ (ਸਪੁੱਤਰ) ਹਜ਼ਰਤ ਅਨਸ ਰਜ਼ੀਅੱਲਾਹ ਅਨਹੁ ਵਰਨਣ ਕਰਦੇ ਹਨ ਕਿ ਆਂਹਜ਼ਰਤ ਸਲ-ਲੱਲਾਹੁ ਅਲੈਹਿ ਵਸਲੱਮ ਨੇ ਫ਼ਰਮਾਇਆ, ਚੰਗੀ ਗੱਲ ਇਹ ਹੈ ਕਿ ਤੂੰ ਉਹਦੇ ਨਾਲ ਹਮਦਰਦੀ ਕਰੇਂ ਜਿਹੜਾ ਕਿ ਤੇਰੇ ਨਾਲੋਂ ਸੰਬੰਧ ਤੋੜਦਾ ਹੈ, ਤੂੰ ਉਹਦੇ ਨਾਲ ਚੰਗਾ ਵਰਤਾਉ ਕਰੇਂ ਜਿਹੜਾ ਤੈਨੂੰ ਹਾਨੀ ਪਹੁੰਚਾਉਂਦਾ ਹੈ ਅਤੇ ਉਹਨੂੰ ਖਿਮਾ ਕਰ ਦੇਵੇਂ ਜਿਹੜਾ ਤੈਨੂੰ ਗਾਲ੍ਹਾਂ ਦਿੰਦਾ ਹੈ।

(ਮੁਸਨਦ ਅਹਿਮਦ ਭਾਗ 3 ਪੰਨਾ 438)

ਹਜ਼ਰਤ ਅਬੂ ਹੁਰੈਰਾ ਰਜ਼ੀਅੱਲਾਹ ਅਨਹੁ ਬਿਆਨ ਕਰਦੇ ਹਨ ਕਿ ਆਂਹਜ਼ਰਤ ਸਲ-ਲੱਲਾਹੁ ਅਲੈਹਿ ਵਸਲੱਮ ਨੇ ਫ਼ਰਮਾਇਆ ਕਿ ਸਦਕਾ-ਖ਼ੈਰਾਤ ਕਰਨਾ ਕਿਸੇ ਦੇ ਧਨ ਨੂੰ ਨਹੀਂ ਮੁਕਾਉਂਦਾ, ਅੱਲਾਹ ਉਸ ਇਨਸਾਨ ਨੂੰ ਸਤਿਕਾਰ ਤੇ ਬਰਕਤ ਦਿੰਦਾ ਹੈ ਜਿਹੜਾ ਕਿ ਇਕ ਅਤਿਆਚਾਰ ਕਰਨ ਵਾਲੇ ਇਨਸਾਨ ਦੀਆਂ ਵਧੀਕੀਆਂ ਨੂੰ ਖਿਮਾ ਕਰ ਦਿੰਦਾ ਹੈ ਅਤੇ ਜਿਹੜਾ ਅਤਿਆਚਾਰੀ ਨਾਲ ਅਤਿਆਚਾਰ ਵਾਲਾ ਵਰਤਾਉ ਨਹੀਂ ਕਰਦਾ।

(ਮੁਸਨਦ ਅਹਿਮਦ ਭਾਗ 2 ਪੰਨਾ 235, 438)

# 23. ਖਾਣ-ਪੀਣ ਦੇ ਤਰੀਕੇ

ਹਜ਼ਰਤ ਆਇਸ਼ਾ ਰਜ਼ੀਅੱਲਾਹ ਅਨਹਾ ਵਰਨਣ ਕਰਦੇ ਹਨ ਕਿ ਆਂਹਜ਼ਰਤ ਸਲ-ਲੱਲਾਹੁ ਅਲੈਹਿ ਵਸਲੱਮ ਨੇ ਫ਼ਰਮਾਇਆ ਜਦ ਤੁਹਾਡੇ ਵਿਚੋਂ ਕੋਈ ਵਿਅਕਤੀ ਖਾਣਾ

ਖਾਣ ਲੱਗੇ ਤਾਂ ਪਹਿਲੇ ਅਲੱਾਹ ਦਾ ਨਾਂ ਲਵੇ ਅਰਥਾਤ ਬਿਸਮਿਲੱਾਹ ਪੜ੍ਹੇ ਜੇਕਰ ਸ਼ੁਰੂ ਵਿਚ ਭੁਲ ਜਾਏ ਤਾਂ ਚੇਤੇ ਆਉਣ ਤੇ ਬਿਸਮਿਲੱਾਹ ਅਵ-ਵ ਲਹੂ ਵ ਆਖਿਰਹੂ ਪੜ੍ਹੇ ।

(ਤਿਰਮਿਜ਼ੀ ਸ਼ਰੀਫ਼ ਭਾਗ 2 ਪੰਨਾ 80)

ਹਜ਼ਰਤ ਅਬੂ ਸਈਦ ਰਜ਼ੀਅਲੱਾਹ ਅਨਹੁ ਬਿਆਨ ਕਰਦੇ ਹਨ ਕਿ ਆਂਹਜ਼ਰਤ ਸਲ-ਲੱਲਾਹ ਅਲੈਹਿ ਵਸਲੱਮ ਜਦ ਖਾਣਾ ਖਾਂਦੇ ਜਾਂ ਪਾਣੀ ਪੀਂਦੇ ਤਾਂ ਮਗਰੋਂ ਇਹ ਦੁਆ ਪੜ੍ਹਦੇ : ਸਾਰੀਆਂ ਤਾਰੀਫ਼ਾਂ ਉਸ ਅਲੱਾਹ ਲਈ ਹਨ ਜਿਹਨੇ ਸਾਨੂੰ ਖਾਣਾ ਖਵਾਇਆ ਤੇ ਪਾਣੀ ਪਿਲਾਇਆ ਅਤੇ ਮੁਸਲਮਾਨ ਨੂੰ ਅਰਥਾਤ (ਆਪਣਾ) ਤਾਬਿਆਦਾਰ ਬਣਾਇਆ ।

(ਤਿਰਮਿਜ਼ੀ ਸ਼ਰੀਫ਼ ਕਿਤਾਬੁਲ ਦਾਵਾਤ ਭਾਗ 2 ਪੰਨਾ 184)

# 24. ਕਪੜੇ (ਲਿਬਾਸ)

ਹਜ਼ਰਤ ਹੁਜ਼ੈਫ਼ਾ ਰਜ਼ੀਅਲੱਾਹ ਅਨਹੁ ਬਿਆਨ ਕਰਦੇ ਹਨ ਕਿ ਆਂਹਜ਼ਰਤ ਸਲ-ਲੱਲਾਹੁ ਅਲੈਹਿ ਵਸਲੱਮ ਨੇ ਸਾਨੂੰ ਰੇਸ਼ਮ ਆਦਿ ਪਹਿਨਣ ਤੋਂ ਮਨ੍ਹਾ ਫ਼ਰਮਾਇਆ । ਇਸੇ ਤਰ੍ਹਾਂ ਸੋਨੇ, ਚਾਂਦੀ ਦੇ ਭਾਂਡਿਆਂ ਵਿਚ ਖਾਣਾ ਖਾਣ ਤੋਂ ਵੀ ਮਨਾਹੀ ਫ਼ਰਮਾਈ ਅਤੇ ਫ਼ਰਮਾਇਆ ਕਿ ਇਹ ਏਸ ਦੁਨੀਆ ਵਿਚ ਦੂਜਿਆਂ ਲਈ ਹਨ ਅਤੇ ਆਖ਼ਰਤ (ਅਗਲੀ ਦੁਨੀਆਂ) ਵਿਚ ਤੁਹਾਡੇ ਲਈ ਹੋਣਗੇ ।

(ਮੁਸਲਿਮ ਸ਼ਰੀਫ਼ ਕਿਤਾਬੁਲ ਲਿਬਾਸ ਭਾਗ 2 ਪੰਨਾ 312)

ਹਜ਼ਰਤ ਅਬੂ ਸਈਦ ਖ਼ਿਦਰੀ ਰਜ਼ੀਅਲੱਾਹ ਅਨਹੁ ਬਿਆਨ ਕਰਦੇ ਹਨ ਕਿ ਆਂਹਜ਼ਰਤ ਸਲ-ਲੱਲਾਹੁ ਅਲੈਹਿ ਵਸੱਲਮ ਜਦ ਨਵਾਂ ਕਪੜਾ ਪਹਿਨਦੇ ਤਾਂ ਉਹਦਾ ਨਾਂ ਲੈਂਦੇ, (ਅਰਥਾਤ) ਪੱਗ, ਕਮੀਜ਼, ਚਾਦਰ ਫੇਰ ਆਪ ਦੁਆ ਕਰਦੇ ਕਿ ਹੇ ਮੇਰੇ ਅਲੱਾਹ ! ਤੂੰ ਹੀ ਤਾਰੀਫ਼ ਦਾ ਹਕਦਾਰ ਹੈਂ ਤੂੰ ਮੈਨੂੰ ਇਹ ਕਪੜਾ ਪਹਿਨਾਇਆ, ਮੈਂ ਤੈਥੋਂ ਏਸ ਕਪੜੇ ਦੇ ਫ਼ਾਇਦੇ ਮੰਗਦਾ ਹਾਂ ਅਤੇ ਇਸ ਦੀ ਭਲਾਈ ਚਾਹੁੰਦਾ ਹਾਂ ਅਤੇ ਉਸ ਲਈ ਵੀ ਜਿਸ ਲਈ ਇਹ ਬਣਾਇਆ ਗਿਆ ਅਤੇ ਤੈਥੋਂ ਓਟ ਮੰਗਦਾ ਹਾਂ ਏਸ ਕਪੜੇ ਦੀ ਹਾਨੀ ਤੋਂ ਅਤੇ ਓਸ ਮੰਤਵ ਦੀ ਬੁਰਾਈ ਤੋਂ ਜਿਹਦੇ ਲਈ ਇਹ ਬਣਾਇਆ ਗਿਆ ਹੈ ।

(ਤਿਰਮਿਜ਼ੀ ਸ਼ਰੀਫ਼ ਕਿਤਾਬੁਲ ਲਿਬਾਸ ਭਾਗ 1 ਪੰਨਾ 209)

# 25. ਸਰੀਰਕ ਪਵਿੱਤਰਤਾ

ਹਜ਼ਰਤ ਅਬੂ ਮੂਸਾ ਅਲ-ਅਸ਼ਅਰੀ ਰਜ਼ੀਅਲੱਾਹ ਅਨਹੁ ਕਹਿੰਦੇ ਹਨ ਕਿ ਆਂਹਜ਼ਰਤ ਸਲ-ਲੱਲਾਹੁ ਅਲੈਹਿ ਵਸਲੱਮ ਨੇ ਫ਼ਰਮਾਇਆ ਕਿ ਪਾਕ ਤੇ ਪਵਿੱਤਰ ਰਹਿਣਾ ਵੀ ਈਮਾਨ ਦਾ ਇਕ ਭਾਗ ਹੈ । (ਮੁਸਲਿਮ ਸ਼ਰੀਫ਼ ਕਿਤਾਬੁਤੱਹਾਰਤ ਭਾਗ 1 ਪੰਨਾ 95)

ਹਜ਼ਰਤ ਆਇਸ਼ਾ ਰਜ਼ੀਅਲੱਾਹ ਅਨਹਾ ਬਿਆਨ ਕਰਦੇ ਹਨ ਕਿ ਆਂਹਜ਼ਰਤ ਸਲ-ਲੱਲਾਹੁ ਅਲੈਹਿ ਵਸਲੱਮ ਨੇ ਫ਼ਰਮਾਇਆ, ਦੰਦਾਂ ਨੂੰ ਸਾਫ਼ ਕੀਤਾ ਕਰੋ, ਆਪਣੇ ਮੂੰਹ ਦੀ ਸਫ਼ਾਈ ਦਾ ਧਿਆਨ ਰੱਖਿਆ ਕਰੋ ਅਤੇ ਅਲੱਾਹ ਦੀ ਰਜ਼ਾ ਪਰਾਪਤ ਕੀਤਾ ਕਰੋ ।

(ਨਿਸਾਈ ਸ਼ਰੀਫ਼ ਭਾਗ 1 ਪੰਨਾ 3)

# 26. ਕਪਟ ਤੇ ਈਰਖਾ

ਹਜ਼ਰਤ ਅਬਦੁਲੱਾਹ ਉਮਰ ਰਜ਼ੀ ਅਲੱਾਹ ਅਨਹੁ ਬਿਆਨ ਕਰਦੇ ਹਨ ਕਿ ਆਂਹਜ਼ਰਤ ਸਲ-ਲੱਲਾਹੁ ਅਲੈਹਿ ਵਸਲੱਮ ਨੇ ਫ਼ਰਮਾਇਆ—ਇਕ ਦੂਜੇ ਨਾਲ ਕੀਨਾ ਨਾ ਕਰਿਆ ਕਰੋ, ਐਵੇਂ ਹੰਕਾਰ ਨਾ ਕਰਿਆ ਕਰੋ, ਇਕ ਦੂਜੇ ਨਾਲ ਘਿਰਣਾ ਨਾ ਕਰਿਆ ਕਰੋ, ਇਕ ਦੂਜੇ ਤੋਂ ਮੂੰਹ ਨਾ ਮੋੜਿਆ ਕਰੋ, ਇਕ ਦੂਜੇ ਦੇ ਸੌਦੇ ਵਿਚ ਵਿਗਾੜ ਪੈਦਾ ਨਾ ਕਰਿਆ ਕਰੋ, ਅਲੱਾਹ ਦੇ ਮੁਖ਼ਲਿਸ (ਉਹਦੇ ਨਾਲ ਪਿਆਰ ਕਰਨ ਵਾਲੇ) ਬੰਦੇ ਅਤੇ ਭਾਈ ਭਾਈ ਬਣ ਜਾਓ। ਮੁਸਲਮਾਨ ਆਪੋ ਵਿਚ ਭਾਈ ਭਾਈ ਹਨ ਓਹ ਇਕ ਦੂਜੇ ਤੇ ਜ਼ੁਲਮ ਨਹੀਂ ਕਰਦੇ, ਇਕ ਦੂਜੇ ਨੂੰ ਜ਼ਲੀਲ ਨਹੀਂ ਕਰਦੇ ਇਕ ਦੂਜੇ ਨੂੰ ਆਪਣੇ ਤੋਂ ਤੁੱਛ ਨਹੀਂ ਜਾਣਦੇ। ਆਪ ਨੇ ਆਪਣੀ ਛਾਤੀ ਵਲ ਇਸ਼ਾਰਾ ਕਰਦਿਆਂ ਫ਼ਰਮਾਇਆ, ਤਕਵਾ (ਪਵਿੱਤਰਤਾਈ) ਇੱਥੇ ਹੈ, ਤਕਵਾ ਇੱਥੇ ਹੈ, ਤਕਵਾ ਇੱਥੇ ਹੈ ਅਰਥਾਤ ਤਕਵਾ ਦਾ ਅਸਲ ਟਿਕਾਣਾ ਦਿਲ ਹੈ। ਫੇਰ ਆਪ ਨੇ ਫ਼ਰਮਾਇਆ ਕਿ ਇਕ ਇਨਸਾਨ ਲਈ ਇਹੀ ਬੁਰਾਈ ਕਾਫੀ ਹੈ ਕਿ ਉਹ ਆਪਣੇ ਮੁਸਲਮਾਨ ਭਾਈ ਦੀ ਬੁਰਾਈ ਕਰੇ ਹਰ ਇਕ ਮੁਸਲਮਾਨ ਦੀਆਂ ਤਿੰਨ ਚੀਜ਼ਾਂ ਦੂਜੇ ਮੁਸਲਮਾਨ ਤੇ ਹਰਾਮ ਹਨ, ਉਹਦਾ ਖ਼ੂਨ, ਉਹਦੀ ਇੱਜ਼ਤ ਅਤੇ ਉਹਦਾ ਮਾਲ।

(ਮੁਸਲਿਮ ਸ਼ਰੀਫ਼ ਕਿਤਾਬੁਲ ਬਿੱਰਾ ਵੱਸਲਾਅ ਭਾਗ 2 ਪੰਨਾ 178)

ਹਜ਼ਰਤ ਅਬੂ ਹੁਰੈਰਾ ਬਿਆਨ ਕਰਦੇ ਹਨ ਕਿ ਆਂਹਜ਼ਰਤ ਸਲ-ਲੱਲਾਹੁ ਅਲੈਹਿ ਵਸੱਲਮ ਨੇ ਫ਼ਰਮਾਇਆ ਕਿ ਕੀਨੇ ਤੋਂ ਬਚੋ ਕਿਉਂਕਿ ਕੀਨਾ ਨੇਕੀਆਂ ਨੂੰ ਇਸ ਤਰ੍ਹਾਂ ਸਵਾਹ ਕਰ ਦਿੰਦਾ ਹੈ ਜਿਸ ਤਰ੍ਹਾਂ ਅੱਗ ਬਾਲਣ ਤੇ ਘਾਹ ਨੂੰ ਸਵਾਹ ਕਰ ਦਿੰਦੀ ਹੈ।

(ਅਬੂ ਦਾਊਦ ਸ਼ਰੀਫ਼ ਕਿਤਾਬੁਲ ਅਦਬ ਭਾਗ 2 ਪੰਨਾ 672)

# 27. ਹੰਕਾਰ ਤੇ ਘਮੰਡ

ਹਜ਼ਰਤ ਅਬਦੁੱਲਾ ਸਪੁੱਤਰ ਹਜ਼ਰਤ ਮਸਊਦ ਰਜ਼ੀਅਲੱਾਹ ਅਨਹੁ ਵਰਨਣ ਕਰਦੇ ਹਨ ਕਿ ਆਂਹਜ਼ਰਤ ਸਲ-ਲੱਲਾਹੁ ਅਲੈਹਿ ਵਸਲੱਮ ਨੇ ਫ਼ਰਮਾਇਆ ਕਿ ਜਿਹਦੇ ਦਿਲ ਵਿਚ ਇਕ ਰੱਤੀ ਭਰ ਵੀ ਹੰਕਾਰ ਹੋਏਗਾ, ਅਲੱਾਹ ਉਹਨੂੰ ਸਵਰਗ ਵਿਚ ਨਹੀਂ ਵੜਨ ਦੇਵੇਗਾ, ਇਕ ਵਿਅਕਤੀ ਨੇ ਅਰਜ਼ ਕੀਤੀ ਕਿ ਹੇ ਅਲੱਾਹ ਦੇ ਰਸੂਲ! ਇਨਸਾਨ ਚਾਹੁੰਦਾ ਹੈ ਕਿ ਉਹਦਾ ਕਪੜਾ ਚੰਗਾ ਹੋਵੇ, ਜੁੱਤੀ ਚੰਗੀ ਹੋਵੇ, ਉਹ ਸੋਹਣਾ ਲੱਗੇ। ਆਪ ਨੇ ਫ਼ਰਮਾਇਆ, ਇਹ ਹੰਕਾਰ ਨਹੀਂ, ਆਪ ਨੇ ਫ਼ਰਮਾਇਆ ਕਿ ਅਲੱਾਹ ਸੁੰਦਰ ਹੈ,

ਸੁੰਦਰਤਾ ਨੂੰ ਪਸੰਦ ਕਰਦਾ ਹੈ । ਹੰਕਾਰ ਅਸਲ ਵਿਚ ਇਹ ਹੈ ਕਿ ਇਨਸਾਨ ਸੱਚਾਈ ਤੋਂ ਇਨਕਾਰ ਕਰੇ, ਲੋਕਾਂ ਨੂੰ ਜ਼ਲੀਲ ਸਮਝੇ ਅਤੇ ਉਹਨਾਂ ਨਾਲ ਬੁਰੀ ਤਰ੍ਹਾਂ ਵਰਤਾਉ ਕਰੇ ।

(ਮੁਸਲਿਮ ਸ਼ਰੀਫ਼ ਕਿਤਾਬੁਲ ਈਮਾਨ ਭਾਗ 1 ਪੰਨਾ 430)

# 28. ਝੂਠ ਬੋਲਣਾ

ਹਜ਼ਰਤ ਅਬਦੁਲੱਾਹ ਰਜ਼ੀ ਅਲੱਾਹ ਅਨਹੁ ਬਿਆਨ ਕਰਦੇ ਹਨ ਕਿ ਆਂਹਜ਼ਰਤ ਸਲ-ਲੱਲਾਹੁ ਅਲੈਹਿ ਵਸਲੱਮ ਨੇ ਫ਼ਰਮਾਇਆ ਕਿ ਤੁਹਾਨੂੰ ਸਚ ਨੂੰ ਗ੍ਰਹਿਣ ਕਰਨਾ ਚਾਹੀਦਾ ਹੈ ਕਿਉਂ ਜੁ ਸੱਚ ਨੇਕੀ ਵਲ ਅਗਵਾਈ ਕਰਦਾ ਹੈ ਅਤੇ ਨੇਕੀ ਸਵਰਗ ਵਿਚ ਲੈ ਜਾਂਦੀ ਹੈ, ਜਿਹੜਾ ਇਨਸਾਨ ਸੱਚ ਬੋਲਦਾ ਹੈ, ਸੱਚ ਬੋਲਣ ਦੀ ਕੋਸ਼ਿਸ਼ ਕਰਦਾ ਹੈ, ਉਹਦੀ ਹਾਲਤ ਇਥੋਂ ਤੀਕ ਅਪੜ ਜਾਂਦੀ ਹੈ ਕਿ ਉਹ ਅਲੱਾਹ ਦੀ ਹਜ਼ੂਰੀ ਵਿਚ ਸਿੱਦੀਕ (ਸੱਚਾ) ਲਿਖਿਆ ਜਾਂਦਾ ਹੈ । ਤੁਹਾਨੂੰ ਝੂਠ ਤੋਂ ਬਚਣਾ ਚਾਹੀਦਾ ਹੈ, ਕਿਉਂਕਿ ਝੂਠ ਝਗੜੇ, ਫ਼ਸਾਦ ਦਾ ਕਾਰਨ ਬਣ ਜਾਂਦਾ ਹੈ ਅਤੇ ਝਗੜੇ ਫ਼ਸਾਦ ਸਿੱਧੇ ਅਗ ਵਲ ਲੈ ਜਾਂਦੇ ਹਨ । ਇਕ ਇਨਸਾਨ ਝੂਠ ਬੋਲਦਾ ਹੈ ਅਤੇ ਝੂਠ ਦੀ ਉਹਨੂੰ ਇਥੋਂ ਤੀਕ ਵਾਦੀ ਪੈ ਜਾਂਦੀ ਹੈ ਕਿ ਉਹ ਅਲੱਾਹ ਦੀ ਹਜ਼ੂਰੀ ਵਿਚ ਕੱਜ਼ਾਬ (ਝੂਠਾ) ਲਿਖਿਆ ਜਾਂਦਾ ਹੈ ।

(ਮੁਸਲਿਮ ਸ਼ਰੀਫ਼ ਕਿਤਾਬੁਲ ਬਿੱਰਾ ਵੱਸਲਾਅ ਭਾਗ 2 ਪੰਨਾ 196)

ਹਜ਼ਰਤ ਅਬੂਬਕਰ ਰਜ਼ੀਅਲੱਾਹ ਅਨਹੁ ਵਰਨਣ ਕਰਦੇ ਹਨ ਕਿ ਆਂਹਜ਼ਰਤ ਸਲ-ਲੱਲਾਹੁ ਅਲੈਹਿ ਵਸਲੱਮ ਨੇ ਫ਼ਰਮਾਇਆ ਕਿ (ਕੀ) ਮੈਂ ਤੁਹਾਨੂੰ ਸਭ ਤੋਂ ਵੱਡੇ ਗੁਨਾਹ ਨਾ ਦੱਸਾਂ ? ਅਸਾਂ ਅਰਜ਼ ਕੀਤੀ ਜੀ ਹਜ਼ੂਰ ! ਜ਼ਰੂਰ ਦਸੋ । ਆਪ ਨੇ ਫ਼ਰਮਾਇਆ ਅਲੱਾਹ ਦਾ ਸ਼ਰੀਕ (ਸੰਗੀ ਸਾਥੀ) ਬਣਾਉਣਾ, ਮਾਤਾ ਪਿਤਾ ਦੀ ਨਾ ਫ਼ਰਮਾਨੀ ਕਰਨਾ । ਆਪ ਸਰ੍ਹਾਣੇ ਦੀ ਟੇਕ ਲੈ ਕੇ ਸੋਏ ਹੋਏ ਸਨ ਕਿ ਜੋਸ਼ ਵਿਚ ਆ ਕੇ ਬਹਿ ਗਏ ਅਤੇ ਵੱਡੇ ਜ਼ੋਰ ਨਾਲ ਫ਼ਰਮਾਇਆ, ਵੇਖੋ ! ਤੀਜਾ ਵੱਡਾ ਪਾਪ ਝੂਠ ਹੈ, ਆਪ ਨੇ ਇਹਨੂੰ ਇੱਨੀ ਵਾਰ ਦੁਹਰਾਇਆ ਕਿ ਅਸੀਂ ਚਾਹਿਆ ਕਿ ਕਾਸ਼ ! ਹਜ਼ੂਰ ਚੁਪ ਹੋ ਜਾਣ ।

(ਬੁਖ਼ਾਰੀ ਸ਼ਰੀਫ਼ ਕਿਤਾਬੁਲ ਅਦਬ ਭਾਗ 2 ਪੰਨਾ 884, 1022)

# 29. ਇਸਲਾਮ ਦਾ ਕਮਜ਼ੋਰ ਹੋਣਾ

ਹਜ਼ਰਤ ਅਬਦੁਲੱਾਹ ਸਪੁੱਤਰ ਹਜ਼ਰਤ ਉਮਰ ਰਜ਼ੀਅੱਲਾਹ ਅਨਹੁ ਵਰਨਣ ਕਰਦੇ ਹਨ ਕਿ ਆਂਹਜ਼ਰਤ ਸਲ-ਲੱਲਾਹੁ ਅਲੈਹਿ ਵਸਲੱਮ ਨੇ ਫ਼ਰਮਾਇਆ ਕਿ ਮੇਰੀ ਉੱਮਤ ਤੇ ਵੀ ਉਹੀ ਹਾਲਾਤ ਆਉਣਗੇ, ਜਿਹੜੇ ਕਿ ਬਨੀ ਇਸਰਾਈਲ (ਯਹੂਦੀਆਂ) ਉੱਤੇ ਆ ਚੁੱਕੇ ਹਨ ਇਹ ਹਾਲਾਤ ਅਜੇਹੇ ਮੇਲ ਖਾਣਗੇ ਜਿਵੇਂ ਕਿ ਇਕ ਜੁਤੀ ਦਾ ਪੈਰ ਦੂਜੇ ਪੈਰ ਨਾਲ

ਮੇਲ ਖਾਂਦਾ ਹੈ। ਇਥੋਂ ਤਕ ਕਿ ਜੇਕਰ ਉਹਨਾਂ (ਯਹੂਦੀਆਂ) ਵਿਚੋਂ ਕਿਸੇ ਨੇ ਆਪਣੀ ਮਾਤਾ ਨਾਲ ਵਿਭਚਾਰ ਕੀਤਾ ਹੈ ਤਾਂ ਮੇਰੀ ਉੱਮਤ ਵਿਚੋਂ ਵੀ ਕੋਈ ਅਜਿਹਾ ਖ਼ਬੀਸ ਇਨਸਾਨ ਨਿਕਲ ਆਏਗਾ। ਬਨੀ ਇਸਰਾਈਲ (ਯਹੂਦੀ) 72 ਜਥੇਬੰਦੀਆਂ ਵਿਚ ਵੰਡੇ ਗਏ ਸਨ ਮੇਰੀ ਉਮੱਤ 73 ਜੰਥੇਬੰਦੀਆਂ ਵਿਚ ਵੰਡੀ ਜਾਏਗੀ। ਇਹਨਾਂ (ਜਥੇਬੰਦੀਆਂ) ਵਿਚੋਂ ਕੇਵਲ ਇਕ ਜਥੇਬੰਦੀ ਤੋਂ ਬਿਨਾਂ ਹੋਰ ਸਾਰੀਆਂ (ਜੱਥੇਬੰਦੀਆਂ) ਨਰਕ ਵਿਚ ਜਾਣਗੀਆਂ। ਸਹਾਬਾ (ਆਪ ਦੇ ਸਮੇਂ ਦੇ ਨਜ਼ਦੀਕੀ ਸੰਗੀ ਸਾਥੀ) ਨੇ ਪੁੱਛਿਆ ਕਿ ਸਵਰਗ ਵਿਚ ਜਾਣ ਵਾਲੀ ਜੱਥੇਬੰਦੀ ਕਿਹੜੀ ਹੈ ਤਾਂ ਹਜ਼ੂਰ ਨੇ ਫ਼ਰਮਾਇਆ ਕਿ ਉਹ ਜੱਥੇਬੰਦੀ ਜਿਹੜੀ ਮੇਰੇ ਤੇ ਮੇਰੇ ਸਹਾਬਾ ਦੇ ਜੀਵਨ ਨੂੰ ਅਪਣਾ ਕੇ ਜੀਵਨ ਬਤੀਤ ਕਰੇਗੀ।

(ਤਿਰਮਿਜ਼ੀ ਸ਼ਰੀਫ਼ ਕਿਤਾਬੁਲ ਈਮਾਨ ਭਾਗ 2 ਪੰਨਾ 89)

ਹਜ਼ਰਤ ਅਲੀ ਰਜ਼ੀਅਲੱਾਹੋ ਅਨਹੁ ਵਰਨਣ ਕਰਦੇ ਹਨ ਕਿ ਆਂਹਜ਼ਰਤ ਸਲ-ਲਲੱਾਹ ਅਲੈਹਿ ਵਸਲੱਮ ਨੇ ਫ਼ਰਮਾਇਆ, ਛੇਤੀ ਹੀ ਅਜਿਹਾ ਸਮਾਂ ਆਉਣ ਵਾਲਾ ਹੈ ਕਿ ਇਸਲਾਮ ਕੇਵਲ ਨਾਂ ਦਾ ਹੀ ਰਹਿ ਜਾਏਗਾ। ਕੁਰਆਨ ਦੇ ਕੇਵਲ ਸ਼ਬਦ ਹੀ ਰਹਿ ਜਾਣਗੇ ਅਰਥਾਤ ਅਸਲੀਅਤ ਖ਼ਤਮ ਹੋ ਜਾਏਗੀ। ਉਸ ਸਮੇਂ ਦੇ ਲੋਕਾਂ ਦੀਆਂ ਮਸਜਿਦਾਂ ਵੇਖਣ ਨੂੰ ਤਾਂ ਆਬਾਦ ਦਿਸਣਗੀਆਂ, ਪਰ ਹਿਦਾਇਤ (ਸੁਮਾਰਗ) ਤੋਂ ਸਖਣੀਆਂ ਹੋਣਗੀਆਂ, ਓਹਨਾਂ ਦੇ ਧਾਰਮਕ ਵਿਦਵਾਨ ਆਕਾਸ਼ ਥੱਲੇ ਸਭ ਤੋਂ ਭੈੜੀ ਮਖਲੂਕ ਹੋਣਗੇ। ਓਹਨਾਂ ਵਿਚੋਂ ਫ਼ਿਤਨੇ ਨਿਕਲਣਗੇ ਅਤੇ ਓਹਨਾਂ ਵਲ ਹੀ ਲੋਟ ਜਾਣਗੇ ਅਰਥਾਤ ਸਾਰਿਆਂ ਭੈੜਾਂ ਦਾ ਓਹ ਸੋਮਾ ਹੋਣਗੇ।

(ਮਿਸ਼ਕਾਤ ਸ਼ਰੀਫ਼ ਕਿਤਾਬੁਲ ਇਲਮ ਪੰਨਾ, 38)
ਕਨਜ਼ੁਲ ਉੱਮਾਲ ਭਾਗ 6 ਪੰਨਾ 43)

# 30. ਇਮਾਮ ਮਹਿਦੀ ਦਾ ਪ੍ਰਗਟਾ

ਹਜ਼ਰਤ ਅਬੂਹੁਰੈਰਾ ਰਜ਼ੀਅਲੱਾਹ ਅਨਹੁ ਬਿਆਨ ਕਰਦੇ ਹਨ ਕਿ ਅਸੀਂ ਆਂਹਜ਼ਰਤ ਸਲ-ਲੱਲਾਹੁ ਅਲੈਹਿ ਵਸਲੱਮ ਦੀ ਹਜ਼ੂਰੀ ਵਿਚ ਬੈਠੇ ਸੀ ਕਿ ਆਪ ਤੇ ਸੂਰਤ ਜੁਮਾਅ ਉਤਰੀ, ਜਦ ਆਪ ਨੇ ਇਹਦੀ ਆਇਤ "ਵਆ-ਖ਼ ਰੀ-ਨ ਮਿਨਹੁਮ ਲੱਮਾ ਯਲ-ਹ ਕੂ ਬਿਹਿਮ" ਅਰਥਾਤ "ਕੁਝ ਮਗਰੋਂ ਆਉਣ ਵਾਲੇ ਲੋਕ ਵੀ ਇਹਨਾਂ ਸਹਾਬਾਂ (ਆਪ ਦੇ ਸਮੇਂ ਦੇ ਆਪ ਦੇ ਨਜ਼ਦੀਕੀ ਸੰਗੀ ਸਾਥੀ) ਵਿਚ ਸ਼ਾਮਲ ਹੋਣਗੇ ਜਿਹੜੇ ਕਿ ਅਜੇ ਇਹਨਾਂ ਨਾਲ ਨਹੀਂ ਮਿਲੇ" ਪੜ੍ਹੀ, ਤਾਂ ਇਕ ਵਿਅਕਤੀ ਨੇ ਪੁੱਛਿਆ, ਹੇ ਅਲੱਾਹ ਦੇ ਰਸੂਲ ! ਇਹ ਕੌਣ ਲੋਕ ਹਨ ? ਜਿਹੜੇ ਦਰਜਾ ਤਾਂ ਸਹਾਬਾ ਦਾ ਰਖਦੇ ਹਨ, ਪਰ

ਅਜੇ ਇਹਨਾਂ ਵਿਚ ਸ਼ਾਮਲ ਨਹੀਂ ਹੋਏ । ਹਜ਼ੂਰ ਨੇ ਏਸ ਸਵਾਲ ਦਾ ਕੋਈ ਉੱਤਰ ਨਾ ਦਿੱਤਾ । ਓਸ ਵਿਅਕਤੀ ਨੇ ਤਿੰਨ ਵਾਰ ਇਹੀ ਸਵਾਲ ਦੁਹਰਾਇਆ । ਰਾਵੀ (ਇਸ ਗੱਲ ਨੂੰ ਬਿਆਨ ਕਰਨ ਵਾਲੇ) ਕਹਿੰਦੇ ਹਨ ਕਿ ਆਂਹਜ਼ਰਤ ਨੇ ਆਪਣਾ ਹੱਥ ਹਜ਼ਰਤ ਸਲਮਾਨ ਫ਼ਾਰਸੀ ਦੇ ਮੋਢੇ ਤੇ ਰਖਿਆ ਅਤੇ ਫ਼ਰਮਾਇਆ ਕਿ ,ਜੇਕਰ ਈਮਾਨ ਸੁਰੱਯਿਆ ਸਤਾਰੇ ਦੇ ਨੇੜੇ ਵੀ ਪਹੁੰਚ ਗਿਆ ਹੋਏਗਾ ਅਰਥਾਤ ਧਰਤੀ ਤੋਂ ਉਠ ਗਿਆ ਤਾਂ ਇਹਨਾਂ ਲੋਕਾਂ ਵਿਚੋਂ ਕੁਝ ਲੋਕ ਉਹਨੂੰ ਵਾਪਸ ਲੈ ਆਉਣਗੇ ਅਰਥਾਤ ਆਖ਼ਰੀਨ ਤੋਂ ਮੁਰਾਦ ਆਬਨਾਏ ਫ਼ਾਰਸ (ਸਲਮਾਨ ਫ਼ਾਰਸੀ ਦੀ ਸੰਤਾਨ) ਹਨ ਜਿਹਨਾਂ ਵਿਚੋਂ ਮਸੀਹ ਮੌਊਦ ਹੋਣਗੇ ਅਤੇ ਓਹਨਾਂ ਤੇ ਈਮਾਨ ਲਿਆਉਣ ਵਾਲੇ ਸਹਾਬਾ ਦਾ ਦਰਜਾ ਪਾਉਣਗੇ ।

(ਬੁਖ਼ਾਰੀ ਸ਼ਰੀਫ਼ ਕਿਤਾਬੁੱਤਫ਼ਸੀਰ ਸੂਰਤ ਜੁਮਾ ਭਾਗ 2 ਪੰਨਾ 727, ਮੁਸਲਿਮ ਸ਼ਰੀਫ਼ ਪੰਨਾ 170)

ਹਜ਼ਰਤ ਅਬੂ ਹੁਰੈਰਾ ਰਜ਼ੀਅਲੱਾਹ ਅਨਹੁ ਵਰਨਣ ਕਰਦੇ ਹਨ ਕਿ ਆਂਹਜ਼ਰਤ ਸਲ-ਲੱਲਾਹੁ ਅਲੈਹਿ ਵਸੱਲਮ ਨੇ ਫ਼ਰਮਾਇਆ ਕਿ ਮੈਨੂੰ ਓਸ ਜ਼ਾਤ ਦੀ ਕਸਮ ਹੈ ਜਿਹਦੇ ਹੱਥ ਵਿਚ ਮੇਰੀ ਜਾਨ ਹੈ ਕਿ ਛੇਤੀ ਹੀ ਅਜਿਹਾ ਸਮਾਂ ਆਉਣ ਵਾਲਾ ਹੈ ਕਿ ਤੁਹਾਡੇ ਵਿਚ ਇਬਨਿ ਮਰਯਮ (ਅਰਥਾਤ ਮਸੀਹੀ ਗੁਣ ਰੱਖਣ ਵਾਲੇ ਵਿਅਕਤੀ) ਉਤਰਨਗੇ । ਉਹ ਸਹੀ ਫ਼ੈਸਲਾ ਕਰਨ ਵਾਲੇ ਅਤੇ ਇਨਸਾਫ਼ ਕਰਨ ਵਾਲੇ ਹੋਣਗੇ, ਉਹ ਸਲੀਬ ਨੂੰ ਤੋੜਨਗੇ ਤੇ ਯੁੱਧ ਨੂੰ ਖ਼ਤਮ ਕਰਨਗੇ ਅਰਥਾਤ ਉਹ ਸਮਾਂ ਧਾਰਮਕ ਜੰਗਾਂ ਦਾ ਨਹੀਂ ਹੋਏਗਾ ਇਸੇ ਤਰ੍ਹਾਂ ਉਹ ਆਤਮਕ ਧਨ ਵੀ ਵੰਡਣਗੇ, ਪਰ ਉਹਨੂੰ ਕੋਈ ਲੈਣ ਵਾਲਾ ਨਹੀਂ ਹੋਏਗਾ, ਅਜਿਹੇ ਸਮੇਂ ਸੱਜਦਾ (ਅਲੱਾਹ ਦੀ ਹਜ਼ੂਰੀ ਵਿਚ ਝੁਕਣਾ) ਦੁਨੀਆ ਦੀ ਹਰ ਚੀਜ਼ ਤੋਂ ਚੰਗਾ ਹੋਏਗਾ ਅਰਥਾਤ ਉਹ ਸਮਾਂ ਅਤਿ ਨਾਸਤਕਤਾ ਦਾ ਸਮਾਂ ਹੋਏਗਾ । ਇਹ ਗੱਲ ਬਿਆਨ ਕਰਦੇ ਹੋਏ ਹਜ਼ਰਤ ਅਬੂਹੁਰੈਰਾ ਰਜ਼ੀ ਅਲੱਾਹ ਅਨਹੁ ਵਰਨਣ ਕਰਦੇ ਹਨ ਕਿ ਜੇ ਕਰ ਤੁਸੀਂ ਚਾਹੋ ਤਾਂ ਇਹ ਆਇਤ "ਇੰਮਿਨ ਅਹਿਲਲ ਕਿਤਾਬਿ-ਲ-ਯੁਅ-ਮਿਨਨ-ਨ ਬਿਹੀ ਕ਼ਬ-ਲ ਮੌਤਿਹੀ-ਵ ਯੌਮਲ ਕਿਯਾ-ਮ-ਤ ਯਕੂ-ਨ ਅਲੈਹਿਮ ਸ਼ਹੀਦਾ" ਪੜ੍ਹ ਕੇ ਇਹਨੂੰ ਸਮਝ ਸਕਦਾ ਹੈ ਅਰਥਾਤ ਅਹਿਲਿ ਕਿਤਾਬ ਵਿਚੋਂ ਕੋਈ ਵੀ ਅਜਿਹਾ ਨਹੀਂ, ਪਰ ਓਹ ਆਪਣੀ ਮੌਤ ਤੋਂ ਪਹਿਲਾਂ ਉਹਦੇ ਉੱਤੇ ਈਮਾਨ ਲਿਆਏਗਾ ਅਤੇ ਉਹ ਕਿਆਮਤ ਦੇ ਦਿਹਾੜੇ ਉਸਤੇ ਗਵਾਹ ਹੋਵੇਗਾ ।

(ਬੁਖ਼ਾਰੀ ਕਿਤਾਬ ਅੰਬਿਆ ਬਾਬ ਨਜ਼ੂਲ ਈਸਾ ਇਬਨਿ ਮਰਯਮ ਭਾਗ 1 ਪੰਨਾ 490)

ਚੇਤੇ ਰਹੇ ! ਕਿ ਮਸੀਹ ਮੌਊਦ ਤੇ ਮੇਰੇ ਵਿਚਕਾਰ ਕੋਈ ਨਬੀ ਨਹੀਂ । ਚੇਤੇ ਰੱਖੋ ! ਕਿ ਮੇਰੇ ਮਗਰੋਂ ਮੇਰੀ ਉੱਮਤ ਵਿਚ ਉਹ ਮੇਰਾ ਖ਼ਲੀਫ਼ਾ (ਉੱਤਰ ਅਧਿਕਾਰੀ) ਹੋਏਗਾ । ਹਾਂ, ਉਹ ਦੱਜਾਲ ਨੂੰ ਕਤਲ ਕਰੇਗਾ । ਸਲੀਬ ਨੂੰ ਟੁਕੜੇ-ਟੁਕੜੇ ਕਰੇਗਾ । ਜਜ਼ੀਆ

(ਧਾਰਮਕ ਜੰਗਾਂ ਤੇ ਹੋਇਆ ਖ਼ਰਚ ਜਿਹੜਾ ਕਿ ਦੁਸ਼ਮਣਾਂ ਤੋਂ ਸੁਰੱਖਿਆ ਆਦਿ ਦੇ ਕੰਮਾਂ ਵਿਚ ਖ਼ਰਚ ਕਰਨ ਲਈ ਲਿਆ ਜਾਂਦਾ ਹੈ) ਖ਼ਤਮ ਕਰ ਦੇਵੇਗਾ, ਕਿਉਂ ਜੁ ਧਾਰਮਕ ਯੁੱਧਾਂ ਦਾ ਸਮਾਂ ਖ਼ਤਮ ਹੋ ਚੁੱਕਾ ਹੋਏਗਾ ਅਤੇ ਦੇਸ਼ਾਂ ਦੀਆਂ ਲੜਾਈਆਂ ਦੇ ਤੌਰ ਤਰੀਕੇ ਬਦਲ ਚੁੱਕੇ ਹੋਣਗੇ। ਯਾਦ ਰੱਖੋ ! ਕਿ ਜਿਹਨੂੰ ਮਸੀਹ ਮੌਊਦ ਦੀ ਮੁਲਾਕਾਤ ਦਾ ਸ਼ੁਭ ਅਵਸਰ ਮਿਲੇ, ਉਹ ਮੇਰਾ ਸਲਾਮ ਉਹਨੂੰ ਜ਼ਰੂਰ ਪਹੁੰਚਾ ਦੇਵੇ ।

(ਤਿਬਰਾਨੀ ਅਲ ਔਸਤ ਵਸੱਗ਼ੀਰ)

ਹਜ਼ਰਤ ਅਨਸ ਰਜ਼ੀਅੱਲਾਹ ਅਨਹੁ ਬਿਆਨ ਕਰਦੇ ਹਨ ਕਿ ਆਂਹਜ਼ਰਤ ਸਲ-ਲੱਲਾਹੁ ਅਲੈਹਿ ਵਸੱਲਮ ਨੇ ਫ਼ਰਮਾਇਆ ਕਿ ਜਿਸ ਇਨਸਾਨ ਨੂੰ ਮਸੀਹ ਮੌਊਦ ਦੀ ਮੁਲਾਕਾਤ ਨਸੀਬ ਹੋਵੇ, ਉਹ ਮੇਰੇ ਵਲੋਂ ਉਹਨਾਂ ਨੂੰ ਮੇਰਾ ਸਲਾਮ ਪਹੁੰਚਾ ਦੇਵੇ ।

(ਦੁੱਰੇ ਮਨਸੂਰ ਭਾਗ 2 ਪੰਨਾ 245)

ਹਜ਼ਰਤ ਸੌਬਾਨ ਰਜ਼ੀਅੱਲਾਹ ਅਨਹੁ ਕਹਿੰਦੇ ਹਨ ਕਿ ਆਂਹਜ਼ਰਤ ਸਲ-ਲੱਲਾਹੁ ਅਲੈਹਿ ਵਸੱਲਮ ਨੇ ਫ਼ਰਮਾਇਆ ਕਿ ਜਦ ਤੁਸੀਂ ਮਹਿਦੀ ਦੇ ਸਮੇਂ ਨੂੰ ਪਾਉ ! ਤਾਂ ਤੁਸੀਂ ਉਹਦੀ ਬੈਅਤ ਕਰਨਾ, ਭਾਵੇਂ ਤੁਹਾਨੂੰ ਬਰਫ਼ ਦੇ ਪਹਾੜਾਂ ਉੱਤੋਂ ਦੀ ਗੋਡਿਆਂ ਦੇ ਭਾਰ ਚੱਲ ਕੇ ਵੀ ਕਿਉਂ ਨਾ ਜਾਣਾ ਪਵੇ, ਕਿਉਂਕਿ ਉਹ ਅੱਲਾਹ ਦੇ ਖ਼ਲੀਫ਼ੇ ਇਮਾਮ ਮਹਿਦੀ ਹੋਣਗੇ ।

(ਇਬਨਿ ਮਾਜਾ ਕਿਤਾਬੁਲ ਫ਼ਿਤਨ)

ਹਜ਼ਰਤ ਅਬੂਹੁਰੈਰਾ ਰਜ਼ੀਅੱਲਾਹ ਅਨਹੁ ਵਰਨਣ ਕਰਦੇ ਹਨ ਕਿ ਆਂਹਜ਼ਰਤ ਸਲ-ਲੱਲਾਹੁ ਅਲੈਹਿ ਵਸੱਲਮ ਨੇ ਫ਼ਰਮਾਇਆ ਕਿ ਉਸ ਵੇਲੇ ਤੁਹਾਡੀ ਕੇਹੀ ਭੈੜੀ ਹਾਲਤ ਹੋਏਗੀ ਜਦ ਇਬਨਿ ਮਰਯਮ (ਅਰਥਾਤ ਮਸੀਹੀ ਗੁਣ ਰੱਖਣ ਵਾਲੀ ਵਿਅਕਤੀ) ਤੁਹਾਡੇ ਵਿਚ ਖੜੇ ਹੋਣਗੇ ਅਰਥਾਤ ਆਉਣਗੇ ਜਿਹੜੇ ਕਿ ਤੁਹਾਡੇ ਇਮਾਮ ਅਤੇ ਤੁਹਾਡੇ ਵਿਚੋਂ ਹੀ ਹੋਣਗੇ ਅਤੇ ਇਕ ਹੋਰ ਬਿਆਨ ਵਿਚ ਹੈ ਕਿ ਉਹ ਤੁਹਾਡੇ ਵਿਚੋਂ ਹੋਣ ਕਾਰਨ ਤੁਹਾਡੀ ਇਮਾਮਤ ਦਾ ਕੰਮ ਵੀ ਕਰਨਗੇ ।

(ਬੁਖ਼ਾਰੀ ਸ਼ਰੀਫ਼ ਕਿਤਾਬੁਲ ਅੰਬਿਆ ਬਾਬ ਨਜ਼ੂਲ ਈਸਾ ਇਬਨਿ ਮਰੀਅਮ ਪੰਨਾ 49
ਮੁਸਲਿਮ ਸ਼ਰੀਫ਼ ਭਾਗ 1 ਪੰਨਾ 78, ਮੁਸਨਦ ਅਹਿਮਦ ਭਾਗ 2 ਪੰਨਾ 336)

✠✠

In this book some selected Hadith of

**HOLY**
**PROPHET MOHAMMAD**

have been translated in Gurmukhi.

This translation has been done
by
GIANI ABDUL LATIF DARWESH
and
SHAMIM AKHTAR GIANI